ਕ੍ਰਿਸਮਸ
ਅਤੇ ਨਵੇਂ ਸਾਲ ਦੀਆਂ ਵਧਾਈਆਂ
SHIMLA®
GIN·RUM

FREE

# ਮਨ ਜਿੱਤ
# MANN JITT WEEKLY

patara
ਕ੍ਰਿਸਮਸ
ਅਤੇ ਨਵੇਂ ਸਾਲ ਦੀਆਂ ਵਧਾਈਆਂ
Chartered Accountants Worldwide
Network Member

Vol: 18, Issue 888 U.K's Largest Circulated Free Punjabi/English Newspaper www.mannjittweekly.co.uk 20th Decembe to 26th December 2023

RAI & SONS
BUILDERS
ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ
NEW BUILDS
EXTENTIONS
RE WIRING
ROOFING
INSURANCE WORK
CENTRAL HEATING
DAMP PROOFING



CONTACT
0121 358 4539
07973 147 255
07723 315127
077928 55562

## ਮਨ ਜਿੱਤ ਵੱਲੋਂ ਸਮੂਹ ਸੰਸਾਰ ਨੂੰ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਲੱਖ-ਲੱਖ



ਜੀਸਸ ਦਾ ਅੱਜ ਜਨਮ ਦਿਹੜਾ,ਆਓ ਮਨਾਈਏ ਰਲਕੇ ਸਾਰੇ।
ਕਰਨੀ ਜਿਸਨੇ ਦਇਆ ਸਿਖਾਈ,ਜਾਈਏ ਉਸਤੋਂ ਸਦ ਬਲਿਹਾਰੇ।
ਰੱਬ ਕਿਸੇ ਤੋਂ ਕਦੇ ਨੀ ਡਰਦਾ,ਨਾਲ ਕਿਸੇ ਦੇ ਵੈਰ ਨੀ ਕਰਦਾ।
ਦੁੱਖ ਦੁਖੀਆਂ ਦੇ ਦੂਰ ਕਰਨ ਲਈ,ਧਰਤੀ ਤੇ ਖੁਦ ਉੱਤਰ ਆਉਂਦਾ।
ਵਿੱਚ ਮਨੁੱਖੀ ਜਾਮੇ ਦੇ ਉਹ,ਰੱਬ ਦਾ ਪਿਆਰਾ ਪੁੱਤ ਕਹਾਉਂਦਾ।
ਜਿਸ ਤ੍ਰਾਂ ਮਰੀਯਮ ਦਾ ਜਾਇਆ,ਰੱਬ ਦਾ ਪੁੱਤਰ ਬਣਕੇ ਆਇਆ।
ਯੂਸਫ਼ ਦਾ ਉਹ ਰਾਜ ਦੁਲਾਰਾ, ਦੁਖੀਆਂ ਦਾ ਬਣ ਗਿਆ ਸਹਾਰਾ।
ਦੇਖਣ ਨੂੰ ਇਨਸਾਨ ਸੀ ਉਹ,ਪਰ ਰੂਪ ਨਿਰਾ ਭਗਵਾਨ ਸੀ ਉਹ।
ਉਸ ਨੂੰ ਜਿਹੜਾ ਕਰੇ ਪਿਆਰ, ਉਸ ਦੇ ਈ ਦਿੰਦਾ ਦੁੱਖ ਨਿਵਾਰ।
ਪਾਪੀਆਂ ਨੂੰ ਵੀ ਬਖ਼ਸ਼ ਹੈ ਦਿੰਦਾ, ਹੋਵਣ ਕਿੱਡੇ ਵੀ ਗੁਨਾਹਗਾਰ।
ਯਸੂ ਮਸੀਹ ਦੀ ਸਿੱਖਿਆ ਇਹੋ,ਕਰੋ ਨਾ ਨਫ਼ਰਤ ਕਿਸੇ ਨੂੰ ਯਾਰ।
ਚਾੜ੍ਹ ਸਲੀਬ ਜਿਨ੍ਹਾਂ ਕਿੱਲ ਠੋਕੇ,ਉਨ੍ਹਾਂ ਨੂੰ ਵੀ ਮਾਫ਼ ਕਰ ਗਿਆ।
ਨਫਰਤ ਦੇ ਕੰਡਿਆਲੇ ਰਸਤੇ, ਸਦਾ ਲਈ ਉਹ ਸਾਫ ਕਰ ਗਿਆ।
ਨਾ ਭੁੱਲੋ ਉਪਕਾਰ ਓਸਦਾ, ਜਿਸਨੇ ਸਭਨੂੰ ਗਲ ਨਾਲ ਲਾਇਆ।
'ਕਰਮ'ਜਿਹੇ ਅਪਰਾਧੀ ਨੂੰ ਵੀ,ਉਸਨੇ ਆਪਣੇ ਘਰੇ ਬਿਠਾਇਆ।

**ਕਰਮ ਸਿੰਘ ਕਰਮ**




ਮਨ ਜਿੱਤ ਅਦਾਰੇ ਵੱਲੋਂ ਸਾਰੀ ਮਨੁੱਖਤਾ ਨੂੰ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦੇਣ ਦੇ ਨਾਲ ਨਾਲ ਮਨੁੱਖਤਾ ਵਿੱਚ ਬਰਾਬਰੀ ਲਿਆਉਣ ਅਤੇ ਹਿੰਦ ਦੇ ਧਰਮ ਬਚਾਉਣ ਲਈ ਚਮਕੌਰ ਦੀ ਜੰਗ ਅਤੇ ਗੜ੍ਹੀ ਵਿੱਚ ਸ਼ਹੀਦ ਹੋਏ ਬਹਾਦਰ ਸੂਰਬੀਰ ਸਿੱਖ ਯੋਧਿਆਂ ਸਮੇਤ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਚਿਣਕੇ ਸ਼ਹੀਦ ਕੀਤੇ ਗਏ ਗੁਰੂ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕੋਟਿ ਕੋਟਿ ਪ੍ਰਣਾਮ।



ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ
Jhally
Creativity at its best
ਵਿਆਹ ਜਿਥੇ ਮਰਜੀ ਕਰਵਾਓ, ਪਰ ਵੀਡਿਓ ਝੱਲੀ ਤੋਂ ਬਣਵਾਓ
Video Productions & Photography
Creative Video Production & Photography for Wedding Civil Marriages, Parties, All Special occasions, Digital Storybooks & Traditional Albums.
TEL. : 01922 448427 Mob. : 07958-747497
57 Darlaston Road, Walsall, WS2 9QT email: info@jhally.co.uk

## ਜ਼ਰੂਰੀ ਸੂਚਨਾ

ਬੇਨਤੀ ਹੈ ਕਿ ਮਨ ਜਿੱਤ ਦੇ ਪਾਠਕਾਂ ਨੂੰ ਕ੍ਰਿਸਮਸ ਦੀਆਂ ਛੁੱਟੀਆਂ ਕਰਕੇ ਮਨ ਜਿੱਤ ਪਰਚਾ ਨਵੇਂ ਸਾਲ ਵਿੱਚ ਮਿਤੀ 11 ਜਨਵਰੀ 2024 ਨੂੰ ਪੜ੍ਹਨ ਲਈ ਮਿਲੇਗਾ।

ਮਨ ਜਿੱਤ ਅਦਾਰਾ ਇਸਦੇ ਰੱਬ ਵਰਗੇ ਸਹਿਯੋਗੀਆਂ ਦਾ ਤਹਿਦਿਲੋਂ ਧੰਨਵਾਦੀ ਹੈ ਜਿਨ੍ਹਾਂ ਮਨ ਜਿੱਤ ਵੱਲੋਂ ਹੋ ਰਹੀ ਪੰਜਾਬੀ ਮਾਂ ਬੋਲੀ ਦੀ ਸੇਵਾ, ਸੱਭਿਆਚਾਰ ਦੀ ਸੇਵਾ, ਨਿਰਪੱਖ ਪੱਤਰਕਾਰੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੋਚ ਅਨੁਸਾਰ ਪਾਠਕਾਂ ਨੂੰ ਇੱਕ ਜਮਾਤ ਦੇ ਵਿੱਦਿਆਰਥੀਆਂ ਵਾਂਗ ਰਲ ਮਿਲਕੇ ਰਹਿਣ ਦੇ ਸੁਨੇਹੇਂ ਨੂੰ ਸੁਲਾਹਿਆ ਅਤੇ ਪਰਚੇ ਦਾ ਸਹਿਯੋਗ ਦਿੱਤਾ।

ਉਮੀਦ ਹੈ ਕਿ ਆਪ ਆਉਣ ਵਾਲੇ ਸਮੇਂ ਵਿੱਚ ਵੀ 'ਮਨ ਜਿੱਤ' ਦਾ ਇਸੇ ਤਰ੍ਹਾਂ ਸਾਥ ਦਿੰਦੇ ਹੋਏ ਇਸ ਨਿਸ਼ਕਾਮ ਸੇਵਾ ਵਿੱਚ ਵੱਧ ਚੜ੍ਹਕੇ ਯੋਗਦਾਨ ਪਾਉਂਦੇ ਰਹੋਗੇ।

ਮੁੱਖ ਸੰਪਾਦਕ




ਮਨ ਜਿੱਤ ਵੀਕਲੀ ਬਹੁਤ ਹੀ ਨਿਮ੍ਰਤਾ ਅਤੇ ਸਤਿਕਾਰ ਸਾਹਿਤ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹੀਦੀ ਨੂੰ ਸੀਸ ਝੁਕਾਉਂਦਾ ਹੋਇਆ ਉਨ੍ਹਾਂ ਦਾ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਪੂਰੀ ਮਨੁੱਖਤਾ ਦੇ ਮੂਲ ਅਧਿਕਾਰਾਂ ਦੀ ਰਾਖੀ ਵਾਸਤੇ, ਜ਼ਾਲਮ ਨੂੰ ਲਲਕਾਰਕੇ ਮੱਤ ਦਿੱਤੀ ਕਿ 'ਜ਼ੁਲਮ ਸਹਿਣਾ ਵੀ ਪਾਪ ਹੈ ਅਤੇ ਜ਼ੁਲਮ ਕਰਨਾ ਵੀ ਮਹਾਂ ਪਾਪ ਹੈ' ।ਇਸ ਲਈ ਅਕਾਲ ਪੁਰਖ ਵੱਲੋਂ ਸਾਜੀ ਹੋਈ ਸਮੂਹ ਸ੍ਰਿਸ਼ਟੀ ਨੂੰ ਆਪਣੀ ਜ਼ਿੰਦਗੀ, ਆਜ਼ਾਦੀ ਨਾਲ ਜਿਉਣ ਦਾ ਹੱਕ ਹੋਣਾ ਚਾਹੀਦਾ ਹੈ ।ਮਨੁੱਖਤਾ ਤੇ ਹੋ ਰਹੇ, ਧੱਕੇ ਨਾਲ ਅਣਵਰਤਾਰਿਆਂ ਨੂੰ ਨਾ ਸਵੀਕਾਰ ਕਰਦੇ ਹੋਏ ਸਮੁੱਚੇ ਹੰਕਾਰੀਆਂ ਦਾ ਹੰਕਾਰ ਤੋੜਨ ਵਾਸਤੇ 'ਗੁਰੂ ਤੇਗ ਬਹਾਦਰ ਜੀ' ਨੇ ਆਪਣਾ ਬਲੀਦਾਨ ਦੇ ਦਿੱਤਾ ਪਰ ਦੁਖੀਆਂ ਦੀ ਬਾਂਹ ਨਹੀਂ ਛੱਡੀ। ਇਸ ਲਈ ਅੱਜ ਵੀ ਸੰਸਾਰ ਦੇ ਹੰਕਾਰੀ ਹਾਕਮਾਂ ਨੂੰ ਗੁਰੂ ਸਾਹਿਬ ਜੀ ਦੇ ਉਪਦੇਸ਼ ਤੋਂ ਸਬਕ ਸਿੱਖਕੇ,ਮਨੁੱਖਤਾ ਨੂੰ ਆਜ਼ਾਦੀ ਨਾਲ ਰਹਿਣ ਦੇਣਾ ਚਾਹੀਦਾ ਹੈ।

Mann Jitt Weekly very respectfully 'Vow' to the Protectorate of Human Rights 'Shri Guru Teg Bahadar Ji' who Sacrificed His Life for it.

**ਮੁੱਖ ਸੰਪਾਦਕ**

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

Kool Cakes



Cakes for all occasions
We make cakes with or without eggs, vegan and gluten free in a variety of flavours. Available same day.
Design and Order Your Cakes
Online @ www.koolcakes.uk
Customer service 020 7052 5152
Email us sales@koolcakes.uk
* Delivery available on request
*T's & C's apply
Heston Branch
9 Central Parade,
New Heston Road,
Heston, Middlesex TW5 0LQ
Tel: 020 8577 6393
Kingsbury Branch
2 Honeypot Lane,
Kingsbury,
London NW9 9QD
Tel: 020 8204 3949

# ਓਨਟੈਰੀਓ ’ਚ ਸਿਰਫ਼ 10 ਡਾਲਰ ’ਚ ਘਰ ਬਣਾਉਣ ਲਈ ਮਿਲੇਗੀ ਜ਼ਮੀਨ

ਟੋਰੌਂਟੋ: ਓਨਟੈਰੀਓ ਦੇ ਉੱਤਰ ’ਚ ਸਥਿਤ ਇੱਕ ਕਸਬੇ ’ਚ ਲੋਕ ਨਵੇਂ ਸਾਲ ਦੇ ਮੌਕੇ ’ਤੇ ਸਿਰਫ਼ 10 ਡਾਲਰ ’ਚ ਆਪਣਾ ਘਰ ਲੈ ਸਕਣਗੇ। ਉੱਤਰੀ ਟੋਰੌਂਟੋ ’ਚ ਲਗਭਗ ਸੱਤ ਘੰਟੇ ਦੀ ਦੂਰੀ ’ਤੇ ਸਥਿਤ ਕੌਂਕਰੇਨ ਦੀ ਨਗਰਪਾਲਿਕਾ ਘਰ ਬਣਾਉਣ ਲਈ ਸਿਰਫ਼ 10 ਡਾਲਰ ’ਚ ਪਲਾਟ ਦੇਣ ਦੀ ਪੇਸ਼ਕਸ਼ ਕਰ ਰਹੀ ਹੈ।

ਇਹ ਫ਼ੈਸਲਾ ਓਂਟਾਰੀਓ ਨਗਰ ਪਾਲਿਕਾ ਦੀ ਇੱਕ ਬੈਠਕ ’ਚ ਲਿਆ ਗਿਆ ਸੀ।

ਇਸ ਯੋਜਨਾ ਤੋਂ ਇਲਾਵਾ 50 ਹਜ਼ਾਰ ਡਾਲਰ ਤਕ ’ਚ ਵਿਕਣ ਵਾਲੇ ਪਲਾਟਾਂ ’ਤੇ ਵੀ ਪੰਜ ਸਾਲਾਂ ਤਕ ਪ੍ਰੌਪਰਟੀ ਟੈਕਸ ਨਹੀਂ ਲਿਆ ਜਾਵੇਗਾ।

ਕੌਂਕਰੇਨ ਦੇ ਮੇਅਰ ਪੀਟਰ ਪੋਲਿਟਿਸ ਮੁਤਾਬਿਕ ਇਸ ਯੋਜਨਾ ’ਚ ਲੋਕ ਕਾਫ਼ੀ ਉਤਸ਼ਾਹ ਦਿਖਾ ਰਹੇ ਹਨ ਅਤੇ ਹੁਣ ਤਕ 5 ਹਜ਼ਾਰ ਦੇ ਕਰੀਬ ਲੋਕਾਂ ਨੇ ਇਸ ’ਚ ਦਿਲਚਸਪੀ ਦਿਖਾਈ ਹੈ। ਉਨ੍ਹਾਂ ਲੋਕਾਂ ਨੂੰ ਵੀ ਦੱਸਿਆ ਕਿ ਕੌਂਕਰੇਨ ਇੱਕ ਛੋਟਾ ਕਸਬਾ ਹੋਣ ਅਤੇ ਘੱਟ ਆਬਾਦੀ ਕਾਰਨ ਇਹ ਯੋਜਨਾ ਨਹੀਂ ਲਿਆਂਦੀ ਗਈ ਤਾਂ ਜੋ ਲੋਕ ਇੱਥੇ ਆ ਕੇ ਵਸਣ ਅਤੇ ਇੱਥੋਂ ਦੀ ਆਬਾਦੀ ’ਚ ਵਾਧਾ ਹੋ ਸਕੇ। ਸਗੋਂ ਇਹ ਇਲਾਕਾ ਬਹੁਤ ਹੀ ਸ਼ਾਂਤਮਈ, ਖ਼ੂਬਸੂਰਤ ਅਤੇ ਬਰਫ਼ੀਲੇ ਰਿੱਛਾਂ ਦਾ ਨਿਵਾਸ ਸਥਾਨ ਹੈ।

ਉਨ੍ਹਾਂ ਦੱਸਿਆ ਕਿ ਇਹ ਯੋਜਨਾ ਉਨ੍ਹਾਂ ਨੌਜਵਾਨਾਂ ਲਈ ਲਿਆਂਦੀ ਗਈ ਹੈ ਜੋ ਆਪਣੇ ਘਰ ਦਾ ਸੁਪਨਾ ਦੇਖ ਰਹੇ ਹਨ, ਪਰ ਮਹਿੰਗਾਈ ਕਾਰਨ ਉਨ੍ਹਾਂ ਨੂੰ ਆਪਣਾ ਇਹ ਸੁਪਨਾ ਟੁੱਟਦਾ ਹੋਇਆ ਨਜ਼ਰ ਆ ਰਿਹਾ ਹੈ।

## ਜ਼ਰੂਰੀ ਬੇਨਤੀ

ਲੇਖਕਾਂ ਨੂੰ ਸਨਿਮਰ ਬੇਨਤੀ ਹੈ ਕਿ ਮਨ ਜਿੱਤ ਵਿਚ ਛਪਣ ਵਾਲੀਆਂ ਰਚਨਾਵਾਂ ਨੂੰ ਭੇਜਣ ਸਮੇਂ ਕ੍ਰਿਪਾ ਕਰ ਕੇ ਸਾਫ ਸੁਥਰਾ ਇਕ ਪਾਸੇ ਹੀ ਲਿਖਿਆ ਜਾਵੇ, ਬਹੁਤ ਸਾਰੀਆਂ ਰਚਨਾਵਾਂ ਇਕ ਵਾਰੀ ਭੇਜਣ ਦੀ ਬਜਾਇ ਇਕ ਸਮੇਂ ਇਕ ਹੀ ਰਚਨਾ ਭੇਜੀ ਜਾਵੇ ਅਤੇ ਜੇ ਮੇਰੇ ਪਿਆਰੇ ਲੇਖਕ ਬੁਰਾ ਨਾ ਮਨਾਉਣ ਤਾਂ ਜਿਹੜੀ ਰਚਨਾ ਮਨ ਜਿੱਤ ਨੂੰ ਭੇਜੀ ਹੈ, ਉਹ ਉਸੇ ਸਮੇਂ ਕਿਸੇ ਹੋਰ ਅਖ਼ਬਾਰ ਨੂੰ ਨਾ ਭੇਜੀ ਜਾਵੇ ਅਤੇ ਆਪਣਾ ਪੂਰਾ ਪਤਾ ਸੰਪਰਕ ਨੰਬਰ ਸਮੇਤ ਵੀ ਲਿਖੋ। ਮਨ ਜਿੱਤ ਅਦਾਰਾ ਤੁਹਾਡੇ ਇਸ ਸਹਿਯੋਗ ਲਈ ਅਤਿ ਧੰਨਵਾਦੀ ਹੋਵੇਗਾ।

-ਮੁੱਖ ਸੰਪਾਦਕ

MANN JITT WEEKLY

**Chief Patron:**
Mr. Balbir S, Lalli
B.A.(Hons),LLB(Hons),DIP M.R.S.

**Patrons:**
Mr.Kabaljit S. Sandhu(DBK Estate)
Mr.Dalbir S. Sandhu(Landmark Group)
Mr.Nirmal S. Rahal(O.T.L Mids.Ltd)

**Chief Adviser:**
Balbir S. Sekhon(Pamal)

**Advisers:**
Mr.K.S.S.Anand
Mr.Baldev S. Gill (Shere Punjab)
Mr.Shalbinder S. Mallee(Leamington)
Mr.Joginder S Dhesian Sang
Editor in Chief:Karam S. Karam
Editor:Karwinder S. Raikoti

**Features Editor:**
Manpreet Daroch

**General Manager:**
Raj Singh

**I.T. Manager:**
Tina Kaur

**Co-ordinator:**
Mohan S. Mastana

**Advertisement:**
0121 526 6099

**Head Office:**
267 Darlaston Road,
Darlaston,West Mids WS10 7TG
www.mannjittweekly.co.uk
Email:mannjittweekly@aol.com
www.mannjittweeklyonline,com

**ਜਸਵਿੰਦਰ ਸਿੰਘ**
**ਵਾਈਸ ਕਾਉਂਸਲਰ**



*ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ*


ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਂਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



Consul Genertal
Dr. S Vikram



Consul Amanat Maan




Consul General of INDIA at Birmingham Dr. S Vikram , Consul Amanat Maan and on behalf of all staff Congratulate to the all Humans ‘A Happy Christmas and a very Happy New Year 2024’

# ਸੁਖਦੇਵ ਢੀਂਡਸਾ ਦੀ ਮੀਟਿੰਗ ’ਚੋਂ ਬੀਬੀ ਜਗੀਰ ਕੌਰ ਅਤੇ ਜਗਮੀਤ ਬਰਾੜ ਦੀ ਰਹੇਗੀ ਦੂਰੀ

ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਵਲੋਂ 23 ਦਸੰਬਰ ਨੂੰ ਸੁਖਬੀਰ ਬਾਦਲ ਦੀ ਮੁਆਫ਼ੀ ਨੂੰ ਲੈ ਕੇ ਮੁੜ ਰਲੇਵਾਂ ਕਰਨ ਲਈ ਪਾਰਟੀ ਵਲੋਂ ਬੁਲਾਈ ਗਈ ਇੱਕ ਅਹਿਮ ਮੀਟਿੰਗ ਦਾ ਬੀਬੀ ਜਗੀਰ ਕੌਰ ਅਤੇ ਜਗਮੀਤ ਸਿੰਘ ਬਰਾੜ ਉਸ ਮੀਟਿੰਗ ਦਾ ਹਿੱਸਾ ਨਹੀਂ ਹੋਣਗੇ। ਇਸ ਸਬੰਧੀ ਮਿਲੀ ਜਾਣਕਾਰੀ ਮੁਤਾਬਿਕ ਪਤਾ ਲੱਗਾ ਹੈ ਕਿ ਬੀਬੀ ਜਗੀਰ ਕੌਰ ਅਤੇ ਜਗਮੀਤ ਸਿੰਘ ਬਰਾੜ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ’ਚੋਂ ਕੱਢਿਆ ਹੋਇਆ ਹੈ। ਉਹ ਹਾਲ ਦੀ ਘੜੀ ਕਿਸੇ ਅਕਾਲੀ ਗਰੁੱਪ ਜਾਂ ਧੜ੍ਹੇ ਨਾਲ ਨਹੀਂ।

ਪਿਛਲੇ ਸਮੇਂ ਦੌਰਾਨ ਉਹ ਸੁਖਦੇਵ ਸਿੰਘ ਢੀਂਡਸਾ ਨਾਲ ਕਈ ਮੀਟਿੰਗਾਂ ’ਚ ਜ਼ਰੂਰ ਦੇਖੇ ਗਏ ਸਨ, ਪਰ ਹੁਣ ਸੂਤਰਾਂ ਨੇ ਦੱਸਿਆ ਕਿ ਸੁਖਬੀਰ ਬਾਦਲ ਨਾਲ ਢੀਂਡਸਾ ਧੜ੍ਹੇ ਵਲੋਂ ਮੁੜ ਏਕਤਾ ਕਰਨ ਸਬੰਧੀ ਜਾਂ ਤਾਜ਼ੇ ਹਲਾਤਾਂ ਨੂੰ ਦੇਖ ਕੇ ਸੱਦੀ ਮੀਟਿੰਗ ਤੋਂ ਉਹ ਦੂਰ ਹੀ ਰਹਿਣਗੇ।

ਇਸ ਬਾਰੇ ਜਦੋਂ ਅੱਜ ਸਾਬਕਾ MP ਜਗਮੀਤ ਸਿੰਘ ਬਰਾੜ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹ ਤਾਂ ਪੜ੍ਹ ਰਹੇ ਹਨ ਅਤੇ ਤਾਜ਼ੀ ਸਿਆਸਤ ਨੂੰ ਵਾਚ ਰਹੇ ਹਨ। ਉਹ ਕਿਧਰੇ ਨਹੀਂ ਜਾਣਗੇ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਢੀਂਡਸਾ ਨੂੰ ਸੰਗਰੂਰ ਵਾਲੀ ਰੈਲੀ ’ਚ ਲੋਕਾਂ ਨਾਲ ਕੀਤੀਆਂ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ। ਉਹ ਕਿਸੇ ਧੜ੍ਹੇ ਜਾਂ ਗਰੁੱਪ ਨਾਲ ਨਹੀਂ।

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਂਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

ASIAN ADVICE CENTRE

ਜੇ ਤੁਹਾਨੂੰ ਤੁਹਾਡੇ ਬਣਦੇ ਬੈਨੀਫਿਟਸ ਬਾਰੇ ਕੋਈ ਜਾਣਕਾਰੀ ਚਾਹੀਦੀ ਹੈ ਤਾਂ ਸਾਨੂੰ ਹੇਠ ਲਿਖੇ ਪਤੇ ਉਤੇ ਮਿਲੋ ਜਾਂ ਸੰਪਰਕ ਕਰੋ ਅਸੀਂ ਤੁਹਾਡੀ ਕਾਨੂੰਨ ਅਨੁਸਾਰ ਬਣਦੇ ਹੱਕ ਲੈਣ ਵਿੱਚ ਮਦਦ ਕਰ ਸਕਦੇ ਹਾਂ



Pesonal Independence Allowance (PIP)
Attendance Allowance (AA)
Job Seeker's Allowance (JSA)
Employment Support Allowance (ESA)

We can advise you to get the right Benefits for which you are entitled.
For Further Enquiries Please
Contact: Mr. Singh or Mr. Khan 07966 137 043 between 1pm to 6pm

24 Chestnut Way, Wolverhampton,WV3 8AE

ਪਰਚੇ ਵਿਚ ਲੇਖਕਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਮਨ ਜਿੱਤ ਸਮੂਹ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।

Mann Jitt Ltd. aim to make sure all services provided by those who advertise in this publication are genuine. However we are not liable for the services they provide. Mann Jitt Ltd. does not endorse any products or services advertised in the publication. advertiser's statements are independent of Mann Jitt Ltd. We do not accept responsibility for any unsolicited comments, photos or artwork. Mann Jitt Ltd. accepts no liability for any losses or damages occurred to any company, oraganisation or persons due to any advertisement or article in Mann Jitt weekly. Please seek legal advice before buying, hiring or contraction through any advertisements published.

# ਸ੍ਰੀ ਕਰਤਾਰਪੁਰ ਸਾਹਿਬ ’ਚ ਸਥਾਪਿਤ ਕੀਤਾ ਜਾਵੇਗਾ ਯੋਧੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ

ਸਰੀ: ਮਹਾਰਾਜਾ ਰਣਜੀਤ ਸਿੰਘ ਦਾ ਇੱਕ ਬੁੱਤ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਪਰਿਸਰ ’ਚ ਲਗਾਇਆ ਜਾਵੇਗਾ। ਮਹਾਰਾਜਾ ਰਣਜੀਤ ਸਿੰਘ ਦੀ ਇਹ ਮੂਰਤੀ ਜੂਨ 2019 ’ਚ ਲਾਹੌਰ ਦੇ ਸ਼ਾਹੀ ਕਿਲ੍ਹੇ ’ਚ ਉਨ੍ਹਾਂ ਦੀ 180ਵੀਂ ਵਰ੍ਹੇਗੰਢ ਦੇ ਮੌਕੇ ’ਤੇ ਸਥਾਪਿਤ ਕੀਤੀ ਗਈ ਸੀ, ਪਰ ਕੁੱਝ ਕੱਟੜਪੰਥੀਆਂ ਦੇ ਹਮਲਿਆਂ ਤੋਂ ਬਾਅਦ ਬੁੱਤ ਨੂੰ ਨੁਕਸਾਨ ਪਹੁੰਚਾ ਦਿੱਤਾ ਸੀ।ਸੂਤਰਾਂ ਅਨੁਸਾਰ ਲਾਹੌਰ ’ਚ ਅਤਿਵਾਦੀਆਂ ਦੁਆਰਾ ਮਹਾਰਾਜੇ ਦੇ ਬੁੱਤ ਉੱਤੇ ਤਿੰਨ ਵਾਰ ਹਮਲਾ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ 2.5 ਤੋਂ 3.50 ਕਿਲੋਗ੍ਰਾਮ ਵਜ਼ਨ ਵਾਲੀ ਮੂਰਤੀ ਪਹਿਲਾਂ ਰਾਣੀ ਜਿੰਦਾਂ ਦੀ ਮਹਿਲ ਦੇ ਸਾਹਮਣੇ ਸਥਾਪਿਤ ਕੀਤੀ ਗਈ ਸੀ। ਜੂਨ 2019 ’ਚ ਲਾਹੌਰ ’ਚ ਉਸ ਦੀ 180ਵੀਂ ਵਰ੍ਹੇਗੰਢ ਮੌਕੇ, ਪਰ ਕੁੱਝ ਕੱਟੜਪੰਥੀਆਂ ਨੇ ਉਸ ਬੁੱਤ ’ਤੇ ਤਿੰਨ ਵਾਰ ਹਮਲਾ ਕਰ ਕੇ ਉਸ ਨੂੰ ਤੋੜ ਦਿੱਤਾ। ਇਹ ਬੁੱਤ ਸਿੱਖ ਇਤਿਹਾਸਕਾਰ ਬੌਬੀ ਸਿੰਘ ਬਾਂਸਲ ਨੇ ਤੋਹਫ਼ੇ ਵਜੋਂ ਦਿੱਤਾ ਸੀ।


ਜਾਣਕਾਰੀ ਅਨੁਸਾਰ ਇਹ ਖ਼ੂਬਸੂਰਤ ਰਚਨਾ ਫ਼ਕੀਰ ਖਾਨਾ ਅਜਾਇਬ ਘਰ ਦੇ ਨਿਰਦੇਸ਼ਕ ਫ਼ਕੀਰ ਸੈਫ਼ੂਦੀਨ ਦੀ ਨਿਗਰਾਨੀ ਹੇਠ ਬਣਾਈ ਗਈ ਸੀ, ਪਰ ਸਤੰਬਰ 2020 ਅਤੇ ਫ਼ਿਰ ਉਸੇ ਸਾਲ ਦਸੰਬਰ ’ਚ ਇੱਕ ਕੱਟੜਵਾਦੀ ਧਾਰਮਿਕ ਸਮੂਹ ਦੇ ਕਾਰਕੁਨਾਂ ਨੇ ਮੂਰਤੀ ਨੂੰ ਤੋੜਿਆ। ਮੂਰਤੀ ਦੀ ਮੁਰੰਮਤ ਤੋਂ ਬਾਅਦ ਉਸ ਨੂੰ ਦੁਬਾਰਾ ਸਥਾਪਿਤ ਕੀਤਾ ਗਿਆ ਸੀ, ਪਰ ਫ਼ਿਰ ਅਗਸਤ 2021 ’ਚ ਬੁੱਤ ਤੀਜੀ ਵਾਰ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਦਾ ਵਾਲਡ ਸਿਟੀ ਔਫ਼ ਲਾਹੌਰ ਅਥੌਰਿਟੀ ਨੇ ਇੱਕ ਵਾਰ ਫ਼ਿਰ ਮੂਰਤੀ ਦੀ ਮੁਰੰਮਤ ਕਰਵਾਈ, ਪਰ ਅਥੌਰਿਟੀ ਪਿਛਲੇ ਦੋ ਸਾਲਾਂ ਤੋਂ ਸ਼ਾਹੀ ਕਿਲ੍ਹੇ ’ਚ ਇਸ ਦੀ ਮੁੜ ਸਥਾਪਨਾ ਬਾਰੇ ਫ਼ੈਸਲਾ ਨਹੀਂ ਕਰ ਸਕੀ ਕਿਉਂਕਿ ਡਰ ਸੀ ਕਿ ਕੱਟੜਪੰਥੀ ਇਸ ਨੂੰ ਦੁਬਾਰਾ ਨੁਕਸਾਨ ਪਹੁੰਚਾ ਸਕਦੇ ਹਨ। ਹੁਣ ਗੁਰਦੁਆਰਾ ਸਾਹਿਬ ਦੇ ਦਰਸ਼ਨ ਸਥਾਨ ਨੇੜੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲਗਾਉਣ ਦਾ ਫ਼ੈਸਲਾ ਕਰ ਲਿਆ ਗਿਆ ਹੈ।

ਪ੍ਰੌਜੈਕਟ ਮੈਨੇਜਮੈਂਟ ਯੂਨਿਟ ਕਰਤਾਰਪੁਰ ਦੇ ਅਧਿਕਾਰੀਆਂ ਮੁਤਾਬਿਕ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਉਨ੍ਹਾਂ ਕੋਲ ਪਹੁੰਚ ਗਿਆ ਹੈ ਅਤੇ ਇਸ ਨੂੰ ਫ਼ਿਲਹਾਲ ਦਰਸ਼ਨ ਸਥਾਨ ਦੇ ਨੇੜੇ ਰੱਖਿਆ ਗਿਆ ਹੈ।



ਬੁੱਤ ਨੂੰ ਕਿਵੇਂ ਸਥਾਪਿਤ ਕੀਤਾ ਜਾਵੇਗਾ ਇਸ ਬਾਰੇ ਅਗਲੇ ਕੁੱਝ ਹਫ਼ਤਿਆਂ ’ਚ ਫ਼ੈਸਲਾ ਕੀਤਾ ਜਾਵੇਗਾ। ਭਾਰਤ ਸਮੇਤ ਦੁਨੀਆਂ ਭਰ ਦੇ ਸਿੱਖ ਸ਼ਰਧਾਲੂਆਂ ਤੋਂ ਇਲਾਵਾ ਹੋਰ ਸੈਲਾਨੀ ਵੀ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ 19ਵੀਂ ਸਦੀ ਦੇ ਸ਼ੁਰੂ ’ਚ ਲਾਹੌਰ ਨੂੰ ਜਿੱਤ ਲਿਆ ਸੀ। ਸਿੱਖ ਪਰੰਪਰਾਵਾਂ ਦੇ ਅਨੁਸਾਰ ਉਸ ਨੇ 40 ਸਾਲ ਤਕ ਪੰਜਾਬ ’ਤੇ ਰਾਜ ਕੀਤਾ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਸਮੇਂ ਦੌਰਾਨ ਧਾਰਮਿਕ ਸਹਿਣਸ਼ੀਲਤਾ ਨੂੰ ਉਤਸ਼ਾਹਿਤ ਕੀਤਾ ਗਿਆ ਸੀ ਅਤੇ ਬਹੁਤ ਸਾਰੇ ਮਹੱਤਵਪੂਰਣ ਮੰਤਰੀ ਮੁਸਲਮਾਨ ਸਨ।

## ਸੰਪਾਦਕ ਦੇ ਨਾਮ ਖ਼ਤ



ਪਿਆਰੇ ਛੋਟੇ ਵੀਰ ਕਰਮ ਜੀ,
ਸਤਿ ਸ੍ਰੀ ਅਕਾਲ।

ਪਿਛਲੇ ਅੰਕ ਵਿੱਚ ਤੁਹਾਡੀ ਬਹੁਤ ਹੀ ਸਲਾਹੁਣਯੋਗ ਕਵਿਤਾ ‘ਇਹ ਸਾਡੀ ਔਹ ਤੁਹਾਡੀ’ ਪੜ੍ਹਕੇ ਬਹੁਤ ਆਨੰਦ ਆਇਆ ਪਰ ਤੁਸੀਂ ਉਸ ਕਵਿਤਾ ਵਿੱਚ ‘ਸੋਥਾ’ ਸ਼ਬਦ ਦਾ ਦੋ ਵਾਰ ਪ੍ਰਯੋਗ ਕੀਤਾ ਹੈ ਜਿਸਨੂੰ ਮੈਂ ਜ਼ਿੰਦਗੀ ਵਿੱਚ ਪਹਿਲੀ ਵਾਲ ਪੜ੍ਹਿਆ ਹੈ ਜਿਸਨੂੰ ਸਮਝ੍ਹਣ ਵਾਸਤੇ ਮੈਂ ਪੰਜਾਬੀ ਸ਼ਬਦ ਕੋਸ਼ਾਂ ਦਾ ਅਧਿਅਨ ਕੀਤਾ ਅਤੇ ਮੈਨੂੰ ਇਹ ਸ਼ਬਦ ਕਿਧਰੇ ਦਿਖਾਈ ਨਹੀਂ ਦਿੱਤੇ ਇਸ ਬਾਰੇ ਕ੍ਰਿਪਾ ਕਰਕੇ ਚਾਨਣਾ ਪਾਓ ਕਿ ਇਨ੍ਹਾਂ ਸ਼ਬਦਾਂ ਦਾ ਕੀ ਮਤਲਬ ਹੈ ਪਰ ਕਵਿਤਾ ਵਿੱਚ ਬਹੁਤ ਹੀ ਢੁੱਕਵੇਂ ਲੱਗਦੇ ਹਨ।ਜੇ ਕੋਈ ਮਨ ਜਿੱਤ ਦੇ ਪਾਠਕ ਇਸ ਬਾਰੇ ਜਾਣਕਾਰੀ ਰੱਖਦੇ ਹੋਣ ਤਾਂ ਕ੍ਰਿਪਾ ਕਰਕੇ ਮਨ ਜਿੱਤ ਰਾਹੀਂ ਦਾਸ ਨੂੰ ਇਸਤੋਂ ਜਾਣੂ ਕਰਵਾਉਣ ਦੀ ਕ੍ਰਿਪਾਲਤਾ ਕਰਨ ਜੀ।

**ਧੰਨਵਾਦ।**
**ਗੁਰਮੀਤ ਸਿੰਘ ਭੋਗਲ**

--------

ਵੱਡੇ ਸਤਿਕਾਰਯੋਗ ਵੀਰ ਜੀ,

ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਹਾਨੂੰ ਇਹ ਰਚਨਾ ਚੰਗੀ ਲੱਗੀ ਪਰ ਲਫ਼ਜ਼ ‘ਸੋਥਾ’ਨੇ ਦਾਸ ਨੂੰ ਦੁਬਿਧਾ ਵਿੱਚ ਪਾ ਦੱਤਾ। ਵੀਰ ਜੀ ਪੰਜਾਬ ਦੇ ਵੱਖ਼ਰੇ ਵੱਖ਼ਰੇ ਇਲਾਕਿਆਂ ਦੀ ਭਾਸ਼ਾ ਇਲਾਕੇ ਦੇ ਲੋਕਾਂ ਰਾਹੀਂ ਬੋਲੀ ਜਾਂਦੀ ਹੈ ਜਿਹੜੀ ਕਈ ਵਾਰ ਦੂਜੇ ਇਲਾਕੇ ਦੇ ਲੋਕਾਂ ਨੂੰ ਅਜ਼ੀਬ ਲੱਗਦੀ ਹੈ ਪਰ ਉਸ ਖੇਤਰ ਦੇ ਲੋਕਾਂ ਨੂੰ ਉਹ ਸ਼ਬਦ ਬੋਲਕੇ ਖੁਸ਼ੀ ਮਿਲਦੀ ਹੈ।ਜਿਸਤਰ੍ਹਾਂ ‘ਕਿੱਦਾਂ’ ਲਫ਼ਜ਼ ਮਾਲਵੇ ਦੇ ਲੋਕਾਂ ਅਤੇ ਹੋਰ ਖੇਤਰੀ ਲੋਕਾਂ ਨੂੰ ਅਜ਼ੀਬ ਲੱਗਦਾ ਹੈ ਸ਼ਾਇਦ ਤੁਹਾਨੂੰ ਇਹ ਮਲਵਈ ਬੋਲੀ ਦਾ ਸ਼ਬਦ ਅਜ਼ੀਬ ਲੱਗਿਆ ਹੋਵੇ ਕਿਉਂਕਿ ਇਹ ਸ਼ਬਦ ਮਾਲਵੇ ਵਿੱਚ ਆਮ ਪ੍ਰਚੱਲਤ ਹੈ ਕਿ ‘ਉਸ ਪ੍ਰੀਵਾਰ ਵਿੱਚ ਸੋਥਾ ਹੋਣ ਕਾਰਨ ਉਹ ਇਤਨੀ ਤ੍ਰੱਕੀ ਕਰ ਗਿਆ ਅਤੇ ਔਹੁ ਪ੍ਰੀਵਾਰ ਵਿੱਚ ਸੋਥਾ ਨਾ ਹੋਣ ਕਾਰਨ ਬਰਬਾਦੀ ਨਾਲ ਬਿੱਖ਼ਰ ਗਿਆ’। ਇਸ ਲਈ ਇਹ ਸ਼ਬਦ ਪ੍ਰੀਵਾਰਿਕ ਏਕਤਾ ਲਈ ਵਰਤਿਆ ਜਾਂਦਾ ਹੈ ਆਮ ਹੀ ਮਾਲਵੇ ਵਿੱਚ।

**ਮੁੱਖ ਸੰਪਾਦਕ।**

## ‘ਧੰਨਵਾਦ ਸ. ਬਲਬੀਰ ਸਿੰਘ ਸੰਧੂ ਸਾਹਿਬ ਜੀ ਮਨ ਜਿੱਤ ਨੂੰ ਮਾਲੀ ਸਹਾਇਤਾ ਭੇਜਣ ਬਾਰੇ’



ਸਤਿਕਾਰਯੋਗ ਗੁਰੂ ਨਾਨਕ ਸਤਿਸੰਗ ਸਿੱਖ ਟੈਂਪਲ, ਕੈਨਕ ਰੋਡ,ਵੁਲਵਰਹੈਂਪਟਨ ਦੇ ਸਟੇਜ ਸਕੱਤਰ ਸ. ਬਲਬੀਰ ਸਿੰਘ ਜੀ ਸੰਧੂ ਸਾਹਿਬ ਜੀ,ਆਪ ਜੀ ਦਾ ਮਨ ਜਿੱਤ ਅਦਾਰਾ ਤਹਿਦਿਲੋਂ ਧੰਨਵਾਦੀ ਹੈ ਕਿ ਤੁਸੀਂ ਮਨ ਜਿੱਤ ਵੱਲੋਂ ਦਿੱਤੇ ਜਾ ਰਹੇ ‘ਇੱਕ ਦੇ ਲੜ ਲੱਗਣ,ਕ੍ਰਿਤ ਕਰਨ,ਵੰਡ ਛਕਣ, ‘ਮੰਦਾ ਕਿਸੈ ਨਾ ਆਖੀਐ’, ‘ਜੋ ਦੀਸੈ ਸੋ ਤੇਰਾ ਰੂਪ ਗੁਣ ਨਿਧਾਨ ਗੋਬਿੰਦ ਅਨੂਪ’ ਗੁਰੂ ਸਿਧਾਂਤ ਦੇ ਅਧਾਰਿਤ ਸੁਨਹੇਂ ਅਤੇ ਪੰਜਾਬੀ ਮਾਂ ਬੋਲੀ ਦੀ ਨਿਸ਼ਕਾਮ ਸੇਵਾ ਨੂੰ ਸਲਾਹੁੰਦਿਆਂ, ਮਨ ਜਿੱਤ ਨੂੰ, ਬਗੈਰ ਬੇਨਤੀ ਕੀਤਿਆਂ, ਮਾਲੀ ਸਹਾਇਤਾ ਭੇਜੀ ਹੈ।ਵਰਨਣਯੋਗ ਹੈ ਕਿ ਜੇਕਰ ਤੁਹਾਡੇ ਵਰਗੇ ਸੂਝ੍ਹਵਾਨ ਪਾਠਕ ਅਤੇ ਲੇਖਕ ਮਨ ਜਿੱਤ ਦੀ ਬਗੈਰ ਕਹੇ ਤੋਂ ਹੀ ਸੇਵਾ ਨਾ ਕਰਦੇ ਤਾਂ ‘ਮਨ ਜਿੱਤ’ ਲਈ ਇਸ ਸੇਵਾ ਖੇਤਰ ਵਿੱਚ ਇੱਕ ਵੀ ਕਦਮ ਵਧਾਉਣਾ ਸੌਖਾ ਨਹੀਂ ਸੀ।ਇਸ ਲਈ ਆਪ ਸਭ ਦਾ ਸ਼ੁਕਰਗੁਜ਼ਾਰ ਹੈ ਮਨ ਜਿੱਤ ਅਦਾਰਾ।

ਅਰਦਾਸ ਹੈ ਗੁਰੂ ਚਰਨਾਂ ਵਿੱਚ ਕਿ ਉਹ ਤੁਹਾਨੂੰ ਸਾਰੇ ਦਾਨੀ ਸੱਜਣਾਂ ਨੂੰ ਚੜ੍ਹਦੀ ਕਲਾ ਵਿੱਚ ਰੱਖੇ ਹਮੇਸ਼ਾਂ।

**ਮੁੱਖ ਸੰਪਾਦਕ।**

## ਰੋਕਿਆ ਬਥੇਰਾ ਪਰ ‘ਜਿਨ ਕੀਆ ਤਿਸੁ ਚੀਤੁ ਰੱਖਿ॥’ ਨੇ ਨਹੀਂ ਰੁਕਣ ਦਿੱਤਾ ਇਹ ਆਖਣੋ’।



ਮਨ ਜਿੱਤ ਦੇ ਹਿਤੈਸ਼ੀ ਅਤੇ ਮਨ ਜਿੱਤ ਰਾਹੀਂ ਆਪਣੇ ਤਜ਼ੁਰਬਿਆਂ ਅਤੇ ਪ੍ਰਾਪਤ ਕੀਤੇ ਗਿਆਨ ਨੂੰ ਮਨ ਜਿੱਤ ਦੇ ਪਾਠਕਾਂ ਤੱਕ ਪਹੁੰਚਾਉਣ ਲਈ ਆਪਣੇ ਹੀ ਲਹਿਜੇ ਵਿੱਚ ਲੇਖਣੀਆਂ ਲਿਖਣ ਵਾਲੇ ਮਹਾਂ ਵਿਦਵਾਨ ਸ. ਗੁਰਮੀਤ ਸਿੰਘ ਭੋਗਲ ਜੀ ਦਾ ਮਨ ਜਿੱਤ ਅਦਾਰਾ ਤਹਿ ਦਿਲੋਂ ਧੰਨਵਾਦੀ ਹੈ ਉਨ੍ਹਾਂ ਵੱਲੋਂ ਮਿਲੀ ਹੌਸਲਾ ਵਧਾਉਣ ਵਾਲੀ ਥਾਪੀ ਦਾ ਜਿਸ ਨਾਲ ਮਨ ਜਿੱਤ ਨੂੰ ਹੋਰ ਅਗਲੇਰੇ ਕਦਮ ਪੁੱਟਣ ਵਿੱਚ ਮੱਦਦ ਮਿਲੀ ਹੈ।

**ਮੁੱਖ ਸੰਪਾਦਕ**


ਜੇ ਤੁਸੀਂ ਹੇਠ ਲਿਖੀਆਂ ਤਕਲੀਫਾਂ:-



ਜਿਵੇਂ ਧਰੁਨ, ਚੁੱਕ, ਸਲਿੱਪ ਡਿਸਕ, ਜੋੜਾਂ ਦਾ ਉਤਰਨਾ, ਬੈਕ ਜਾਂ ਗਰਦਨ ਦੀ ਤਕਲੀਫ, ਮਾਈਗ੍ਰੇਨ, ਸਿਰ ਦਰਦ, ਸਟਰੈੱਸ ਜਾਂ ਐਂਗਜ਼ਾਇਟੀ, ਬਲੱਡ ਸਰਕੁਲੇਸ਼ਨ ਜਾਂ ਮਰਦਾਨਾ ਕਮਜ਼ੋਰੀ ਆਦਿ ਤੋਂ ਪੀੜਤ ਹੋ।



ਤਾਂ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ।

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਂਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

Mr. Singh 07721 827 977

ਇਹ ਸੇਵਾ ਤੁਹਾਡੇ ਘਰ ਆਕੇ ਵੀ ਕੀਤੀ ਜਾ ਸਕਦੀ ਹੈ।
ਦੇਖਿਓ ਕਿਵੇਂ ਫਾਇਦਾ ਪਹੁੰਚਦਾ।
ਸਾਨੂੰ ਜੱਦੀ ਬਖ਼ਸ਼ ਹੈ।



ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਂਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

ਸਕਾਈਵੇਜ਼ ਟਰੈਵਲ ਬਰਮਿੰਘਮ

ਅਸੀਂ ਦੁਨੀਆਂ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਦੇ ਨਾਲ ਨਾਲ ਹੇਠ ਲਿਖੀਆਂ ਸੇਵਾਵਾਂ ਵੀ ਦਿੰਦੇ ਹਾਂ ਜਿਵੇਂ:-



1. SPONSORSHIP DECLARATION.
2. Accommodation arrangement Worldwide.
3. Affidavits. Wills. Power of Attorneys.
4. Certify Documents.

SKYWAYS TRAVEL BIRMINGHAM LTD.
274B Soho Road, Handsworth B21 9LX
Contact: Mr. & Mrs. Sandhi
Email:skywaystravel1007@hotmail.com
Tel:0121 523 3050(3lines) Or 08456 441 740(3lines)

# ਨੈੱਟਫਲਿਕਸ ਦੀ ਟੌਪ ਵੰਨ ਥਾਊਜ਼ੈਂਡ ਲਿਸਟ 'ਚ ਸਿਰਫ਼ ਨੌਂ ਭਾਰਤੀ ਫ਼ਿਲਮਾਂ ਅਤੇ ਸੀਰੀਜ਼

ਰੀਜਾਇਨਾ: ਹਰਮੀਜ਼ ਨੂੰ ਦੁਨੀਆਂ ਦਾ ਸਭ ਤੋਂ ਟੌਪ OTT ਪਲੈਟਫ਼ੌਰਮ ਮੰਨਿਆ ਜਾਂਦਾ ਹੈ ਕਿਉਂਕਿ ਉਸ 'ਤੇ ਦੁਨੀਆਂ ਭਰ ਦੇ ਸ਼ੋਅ ਅਤੇ ਫ਼ਿਲਮਾਂ ਉਪਲਬਧ ਹੁੰਦੇ ਹਨ। ਦਰਸ਼ਕ ਇਸ ਦੇ ਬਹੁਤ ਸਾਰੇ ਕੌਨਟੈਂਟ ਪਸੰਦ ਕਰਦੇ ਹਨ। ਇਸ ਲਈ ਨੈੱਟਫ਼ਲਿਕਸ ਨੇ ਯੂਜ਼ਰ ਐਨਗੇਜਮੈਂਟ ਦੇ ਡੇਟਾ ਦਾ ਖ਼ੁਲਾਸਾ ਕਰਦੇ ਹੋਏ ਦੱਸਿਆ ਕਿ ਯੂਜ਼ਰ ਨੇ ਕਿਹੜਾ ਕੌਨਟੇਂਟ ਸਭ ਤੋਂ ਜ਼ਿਆਦਾ ਵੇਖਿਆ ਹੈ।

ਨੈੱਟਫ਼ਲਿਕਸ ਦੀ What We Watched - A Netflix Engagement Report ਇਹ ਦਰਸਾਉਂਦੀ ਹੈ ਕਿ ਭਾਰਤੀ ਦਰਸ਼ਕਾਂ ਨੇ OTT ਪਲੈਟਫ਼ੌਰਮ 'ਤੇ ਕਿਸ ਤਰ੍ਹਾਂ ਦੀ ਸਮੱਗਰੀ ਦਾ ਸਭ ਤੋਂ ਵੱਧ ਆਨੰਦ ਲਿਆ। ਇਸ ਸੂਚੀ 'ਚ ਜਨਵਰੀ ਤੋਂ ਲੈ ਕੇ ਜੂਨ 2023 ਦਰਮਿਆਨ ਸਭ ਤੋਂ ਵੱਧ ਪਸੰਦ ਕੀਤੀਆਂ ਗਈਆਂ ਫ਼ਿਲਮਾਂ ਅਤੇ ਸੀਰੀਜ਼ ਦੀ ਜਾਣਕਾਰੀ ਦਿੱਤੀ ਗਈ ਹੈ ਜਿਸ 'ਚ ਸਿਰਫ਼ ਨੌਂ ਹਿੰਦੀ ਫ਼ਿਲਮਾਂ ਅਤੇ ਸੀਰੀਜ਼ ਸ਼ਾਮਿਲ ਹਨ। ਟੌਪ 1,000 ਦੀ ਗੱਲ ਕਰੀਏ ਤਾਂ ਇਸ ਸੂਚੀ 'ਚ ਰਾਣਾ ਨਾਇਡੂ ਵੈੱਬ ਸੀਰੀਜ਼ ਨੇ 336ਵੇਂ ਸਥਾਨ 'ਤੇ ਆਪਣੀ ਜਗ੍ਹਾ ਬਣਾ ਲਈ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਕਿਸੇ ਮਹੱਤਵਪੂਰਣ ਅਤੇ ਪ੍ਰਸਿੱਧ ਕਿਰਦਾਰ ਬਾਰੇ ਹੈ।

ਇਸ ਤੋਂ ਇਲਾਵਾ ਯਾਮੀ ਗੌਤਮ ਅਤੇ ਸਨੀ ਕੌਸ਼ਲ ਦੀ ਭੂਮਿਕਾ ਵਾਲੀ ਚੋਰ ਨਿਕਲ ਕੇ ਭਾਗਾ 401ਵੇਂ ਸਥਾਨ 'ਤੇ ਹੈ। ਇਸ ਨੂੰ 41.7 ਮਿਲੀਅਨ ਘੰਟੇ ਦੇਖਿਆ ਗਿਆ। ਸਿਧਾਰਥ ਮਲਹੋਤਰਾ ਦੀ ਮਿਸ਼ਨ ਮਜਨੂ 402ਵੇਂ ਸਥਾਨ 'ਤੇ ਹੈ ਜਿਸ ਨੂੰ 31.2 ਮਿਲੀਅਨ ਘੰਟੇ ਦੇਖਿਆ ਹੈ।

ਇਸ ਸੂਚੀ 'ਚ ਹੋਰ ਹਿੰਦੀ ਫ਼ਿਲਮਾਂ ਅਤੇ ਸੀਰੀਜ਼ ਵੀ ਸ਼ਾਮਿਲ ਹਨ ਜਿਵੇਂ ਕਿ ਇੰਡੀਅਨ ਮੈਚਮੇਕਿੰਗ, ਮਿਸਿਜ਼ ਚੈਟਰਜੀ ਵਰਸਿਜ਼ ਨੌਰਵੇ, RRR (ਹਿੰਦੀ), ਕਲਾਸ ਸੀਜ਼ਨ 1, ਤੂ ਝੂਠੀ ਮੈਂ ਮੱਕਾਰ, ਅਤੇ ਸ਼ਹਿਜ਼ਾਦਾ ਆਦਿ। ਨੈੱਟਫ਼ਲਿਕਸ ਦੇ ਟ੍ਰੈਂਡਿੰਗ ਲਿਸਟ 'ਚ ਪਹਿਲੇ ਨੰਬਰ 'ਤੇ ਦਾ ਨਾਈਟ ਏਜੰਟ ਨੇ ਆਪਣੀ ਜਗ੍ਹਾ ਬਣਾ ਲਈ ਹੈ ਅਤੇ ਇਸ ਨੂੰ ਜੂਨ ਦੇ ਅੰਤ ਤਕ 812 ਮਿਲੀਅਨ ਘੰਟੇ ਤਕ ਦੇਖਿਆ ਜਾ ਚੁੱਕਿਆ ਹੈ। ਉਸ ਤੋਂ ਬਾਅਦ ਗਿਨੀ ਐਂਡ ਜੌਰਜੀਆ – 2 ਅਤੇ ਦਾ ਗਲੋਰੀ ਹਿੰਦੀ ਫ਼ਿਲਮਾਂ ਅਤੇ ਸੀਰੀਜ਼ ਤੋਂ ਇਲਾਵਾ ਕਈ ਹੋਰ ਸ਼ੌਅ ਵੀ ਇਸ ਸੂਚੀ 'ਚ ਸ਼ਾਮਿਲ ਹਨ। ਰਾਣੀ ਮੁਖਰਜੀ ਅਭਿਨੀਤ ਸ਼੍ਰੀਮਤੀ ਚੈਟਰਜੀ ਵਰਸਿਜ਼ ਨੌਰਵੇ ਪੰਜਵਾਂ ਸਭ ਤੋਂ ਵੱਧ ਦੇਖਿਆ ਗਿਆ ਭਾਰਤੀ ਫ਼ਿਲਮ ਸੀ। ਉਸ ਤੋਂ ਬਾਅਦ RRR, ਕਲਾਸ ਸੀਜ਼ਨ 1 ਅਤੇ ਤੂ ਝੂਠੀ ਮੈਂ ਮੱਕਾਰ ਨੂੰ ਕ੍ਰਮਵਾਰ 29.4 ਮਿਲੀਅਨ, 27.7 ਮਿਲੀਅਨ ਅਤੇ 27.1 ਮਿਲੀਅਨ ਘੰਟੇ ਦੇਖਿਆ ਗਿਆ ਹੈ।

# ਸੰਪਾਦਕ ਦੇ ਨਾਮ



ਮਾਣਯੋਗ ਵੀਰ ਜੀ, ਸਤਿ ਸ੍ਰੀ ਅਕਾਲ।


ਪਿਛਲੇ ਅੰਕ ਵਿੱਚ ਬਹੁਤ ਹੀ ਅਣਮੋਲ ਜਾਣਕਾਰੀ ਦਿੱਤੀ ਗਈ ਹੈ। ਆਨੰਦ ਵੀਰ ਜੀ ਦਾ 'ਸੰਸਾਰੀ ਪਦਾਰਥਾਂ' ਬਾਰੇ ਆਰਟੀਕਲ ਬੁਹਤ ਹੀ ਸਿੱਖਿਆਦਾਇਕ ਹੈ।ਸਤਿਗੁਰੂ ਉਨ੍ਹਾਂ ਨੂੰ ਚੰਗੀ ਸਿਹਤ ਬਖ਼ਸ਼ਣ।ਤੁਹਾਡੀ ਕਵਿਤਾ 'ਇਹ ਹੈ ਮੇਰੀ, ਔਹ ਤੁਹਾਡੀ' ਬਹੁਤ ਹੀ ਅਰਥ ਭਰਪੂਰ ਹੈ ਜੋ ਵੀ ਇਸਤੇ ਅਮਲ ਕਰਲੂ, ਸੁਖੀ ਰਹੂਗਾ।ਸੁਰਜੀਤ ਦਵਾਂ ਦੀ ਗ਼ਜ਼ਲ ਵੀ ਚੰਗੀ ਲੱਗੀ।ਸੂਝਵਾਨ ਲੇਖਕਾਂ ਦੀ ਰਿਣੀ ਹਾਂ ਜੋ ਮਨ ਜਿੱਤ ਰਾਹੀਂ ਪਾਠਕਾਂ ਦਾ ਜਿੱਥੇ ਮਨੋਰੰਜਨ ਕਰਦੇ ਹਨ ਅਤੇ ਉੱਥੇ ਉਨਾਂ ਦੀ ਲਿਖਣ ਸ਼ਕਤੀ ਵੀ ਵਧਦੀ ਹੈ।

ਗੁਰੂ ਮਿਹਰ ਕਰੇ ਸਮਾਜ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਇਸੇ ਤਰ੍ਹਾਂ ਕਰਦੇ ਰਹੋ, ਗੁਰੂ ਖੁਸ਼ੀਆਂ ਬਖ਼ਸ਼ੂਗਾ।

ਮਨ ਜਿੱਤ ਦੇ ਸਮੂਹ ਪਾਠਕਾਂ ਅਤੇ ਲੇਖਕਾਂ ਨੂੰ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਹੋਣ।

ਮਨ ਜੀਤ ਕੌਰ 'ਰਤਨ'

# ਸ਼੍ਰੀ ਕਟਾਸ ਰਾਜ ਮੰਦਰਾਂ ਦੀ ਯਾਤਰਾ ਲਈ ਪਾਕਿ ਨੇ ਜਾਰੀ ਕੀਤੇ ਵੀਜ਼ੇ



ਲਾਹੌਰ: ਪਾਕਿਸਤਾਨ ਸਰਕਾਰ ਸਮੇਂ–ਸਮੇਂ 'ਤੇ ਭਾਰਤੀ ਹਿੰਦੂ ਤੇ ਸਿੱਖ ਸ਼ਰਧਾਲੂਆਂ ਲਈ ਵੀਜ਼ੇ ਜਾਰੀ ਕਰਦੀ ਹੈ। ਤਾਜ਼ਾ ਜਾਣਕਾਰੀ ਮੁਤਾਬਿਕ ਨਵੀਂ ਦਿੱਲੀ 'ਚ ਪਾਕਿਸਤਾਨ ਹਾਈ ਕਮਿਸ਼ਨ ਨੇ ਇੱਕ ਅਧਿਕਾਰਿਕ ਬਿਆਨ 'ਚ ਦਸਿਆ ਕਿ ਪੰਜਾਬ ਸੂਬੇ ਦੇ ਚਕਵਾਲ ਜ਼ਿਲ੍ਹੇ 'ਚ ਕਿਲਾ ਕਟਾਸ ਵਜੋਂ ਜਾਣੇ ਜਾਂਦੇ ਸ਼੍ਰੀ ਕਟਾਸ ਰਾਜ ਮੰਦਰਾਂ ਦੇ ਦਰਸ਼ਨ ਕਰਨ ਲਈ ਭਾਰਤੀ ਸ਼ਰਧਾਲੂਆਂ ਨੂੰ 62 ਵੀਜ਼ੇ ਜਾਰੀ ਕੀਤੇ ਹਨ। ਭਾਰਤੀ ਹਿੰਦੂ ਸ਼ਰਧਾਲੂ ਇਸ ਸਾਲ 19 ਤੋਂ 25 ਦਸੰਬਰ ਤਕ ਪਾਕਿਸਤਾਨ ਦੀ ਯਾਤਰਾ ਕਰ ਸਕਣਗੇ। X 'ਤੇ ਦੱਸਦਿਆਂ ਨਵੀਂ ਦਿੱਲੀ 'ਚ ਪਾਕਿਸਤਾਨੀ ਹਾਈ ਕਮਿਸ਼ਨ ਨੇ ਕਿਹਾ, "ਨਵੀਂ ਦਿੱਲੀ 'ਚ ਪਾਕਿਸਤਾਨ ਹਾਈ ਕਮਿਸ਼ਨ ਨੇ ਚਕਵਾਲ ਜ਼ਿਲ੍ਹੇ 'ਚ ਸ਼੍ਰੀ ਕਟਾਸ ਰਾਜ ਮੰਦਰ, ਜਿਸ ਨੂੰ ਕਿਲਾ ਕਟਾਸ ਵੀ ਕਿਹਾ ਜਾਂਦਾ ਹੈ, ਦੀ ਯਾਤਰਾ ਲਈ ਭਾਰਤੀ ਹਿੰਦੂ ਸ਼ਰਧਾਲੂਆਂ ਦੇ ਇੱਕ ਸਮੂਹ ਨੂੰ 62 ਵੀਜ਼ੇ ਜਾਰੀ ਕੀਤੇ ਹਨ। ਪੰਜਾਬ 19–25 ਦਸੰਬਰ 2023 ਤਕ। ਪਾਕਿਸਤਾਨ ਦੇ ਹਾਈ ਕਮਿਸ਼ਨ ਦੇ ਇੰਚਾਰਜ ਏਜ਼ਾਜ਼ ਖਾਨ ਨੇ ਸ਼ਰਧਾਲੂਆਂ ਦੀ ਸੁਰੱਖਿਅਤ ਯਾਤਰਾ ਦੀ ਕਾਮਨਾ ਕੀਤੀ। ਪੋਸਟ 'ਚ ਅੱਗੇ ਕਿਹਾ ਗਿਆ, ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਸ਼ਾਰਜ ਡ'ਅਫ਼ੇਅਰਜ਼ ਏਜਾਜ਼ ਖ਼ਾਨ ਨੇ ਇਸ ਮਹੀਨੇ ਦੇ ਸ਼ੁਰੂ 'ਚ ਪਾਕਿਸਤਾਨ ਹਾਈ ਕਮਿਸ਼ਨ ਨੇ ਇੱਕ ਅਧਿਕਾਰਿਕ ਬਿਆਨ ਅਨੁਸਾਰ ਸਿੰਧ ਦੇ ਸ਼ਦਾਨੀ ਦਰਬਾਰ ਹਯਾਤ ਪੀਤਾਫ਼ੀ 'ਚ ਸ਼ਿਵ ਅਵਤਾਰੀ ਸਤਿਗੁਰੂ ਸੰਤ ਸ਼ਾਦਾਰਾਮ ਸਾਹਿਬ ਦੀ 315ਵੀਂ ਜਨਮ ਵਰ੍ਹੇਗੰਢ ਦੇ ਜਸ਼ਨਾਂ 'ਚ ਹਿੱਸਾ ਲੈਣ ਲਈ ਭਾਰਤੀ ਹਿੰਦੂ ਸ਼ਰਧਾਲੂਆਂ ਨੂੰ 104 ਵੀਜ਼ੇ ਜਾਰੀ ਕੀਤੇ ਸਨ।

ਬਿਆਨ ਅਨੁਸਾਰ 1974 ਦੇ ਧਾਰਮਿਕ ਅਸਥਾਨਾਂ ਦੇ ਦੌਰੇ 'ਤੇ ਪਾਕਿਸਤਾਨ–ਭਾਰਤ ਪ੍ਰੋਟੋਕੋਲ ਦੇ ਤਹਿਤ ਭਾਰਤ ਤੋਂ ਹਜ਼ਾਰਾਂ ਸਿੱਖ ਅਤੇ ਹਿੰਦੂ ਸ਼ਰਧਾਲੂ ਹਰ ਸਾਲ ਵੱਖ–ਵੱਖ ਧਾਰਮਿਕ ਤਿਉਹਾਰਾਂ ਅਤੇ ਮੌਕਿਆਂ 'ਤੇ ਸ਼ਾਮਿਲ ਹੋਣ ਲਈ ਪਾਕਿਸਤਾਨ ਜਾਂਦੇ ਹਨ। ਇਸ 'ਚ ਕਿਹਾ ਗਿਆ, "ਉਨ੍ਹਾਂ ਨੂੰ ਤੀਰਥ ਯਾਤਰਾ ਵੀਜ਼ਾ ਜਾਰੀ ਕਰਨਾ ਪਾਕਿਸਤਾਨ ਸਰਕਾਰ ਦੀਆਂ ਧਾਰਮਿਕ ਅਸਥਾਨਾਂ ਦੀ ਯਾਤਰਾ ਦੀ ਸਹੂਲਤ ਅਤੇ ਅੰਤਰ–ਧਰਮ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਦੇ ਅਨੁਸਾਰ ਹੈ।" ਪਿਛਲੇ ਸਾਲ ਪਾਕਿਸਤਾਨ ਹਾਈ ਕਮਿਸ਼ਨ ਨੇ ਪਾਕਿਸਤਾਨ 'ਚ ਸ਼ਿਵ ਅਵਤਾਰੀ ਸਤਿਗੁਰੂ ਸੰਤ ਸ਼ਾਦਾਰਾਮ ਸਾਹਿਬ ਦੇ ਜਨਮ ਦਿਨ ਦੇ ਜਸ਼ਨਾਂ 'ਚ ਸ਼ਾਮਿਲ ਹੋਣ ਲਈ ਭਾਰਤੀ ਹਿੰਦੂ ਸ਼ਰਧਾਲੂਆਂ ਨੂੰ 100 ਵੀਜ਼ੇ ਜਾਰੀ ਕੀਤੇ ਸਨ।

# 'ਰਾਜ ਰੇਡੀਓ ਯੂਕੇ ਦੇ ਸੰਚਾਲਕ ਸ. ਗੱਜਣ ਸਿੰਘ ਅਤੇ ਪ੍ਰੀਵਾਰ ਨਾਲ ਹਮਦਰਦੀ'।



ਬੀਤੇ ਦਿਨੀ ਰਾਜ ਰੈਡੀਓ ਦੇ ਸਰੋਤਿਆਂ ਅਤੇ ਪੰਜਾਬੀ ਭਾਈਚਾਰੇ ਨੂੰ ਇਹ ਸੁਣਕੇ ਬਹੁਤ ਹੀ ਗਹਿਰਾ ਦੁੱਖ ਹੋਇਆ ਕਿ ਇਸ ਰੈਡੀਓ ਦੇ ਸੰਚਾਲਕ ਸ. ਗੱਜਣ ਸਿੰਘ ਦੇ ਲਾਡਲੇ ਸਪੁੱਤਰ ਸ. ਚੂਹੜ ਸਿੰਘ ਜੀ ਉਸ ਅਕਾਲ ਪੁਰਖ ਵੱਲੋਂ ਬਖ਼ਸ਼ੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਇਸ ਫ਼ਾਨੀ ਸੰਸਾਰ ,ਸਬੰਧਤ ਪ੍ਰੀਵਾਰਾਂ ਅਤੇ ਮਿੱਤਰਾਂ ਪਿਆਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ।ਇਸ ਦਰਦ ਭਰੀ ਖਬਰ ਨੂੰ ਸੁਣਕੇ ਨੰਬਰ 1 ਸਕਿੱਪ ਦੇ ਮਾਲਕ ਸ. ਨੇਕਾ ਸਿੰਘ ਮੈਰੀਪੁਰੀਆ, ਸ. ਸੁਰਜੀਤ ਸਿੰਘ ਪੁਰੇਵਾਲ, ਅਮਰੀਕ ਸਿੰਘ ਸੈਣੀ, ਗੁਰੂ ਨਾਨਕ ਸਤਿਸੰਗ ਸਿੱਖ ਟੈਂਪਲ ਕੈਨਕ ਰੋਡ ਦੇ ਪ੍ਰਧਾਨ ਸ. ਬਲਰਾਜ ਸਿੰਘ ਅਟਵਾਲ ਅਤੇ ਸਾਰੀ ਕਮੇਟੀ, ਸ.ਜਸਵਿੰਦਰ ਸਿੰਘ ਪੌਲ ਓਲਡ ਇੰਜਣ, ਹਸੀਨਾ ਗਰੁੱਪ ਦੇ ਪ੍ਰਧਾਨ ਸ. ਗੁਰਨੇਕ ਸਿੰਘ ਰਾਏ ਅਤੇ ਕਮੇਟੀ, ਸ.ਬਲਦੇਵ ਸਿੰਘ ਗਿੱਲ ਸ਼ੇਰੇ ਪੰਜਾਬ ਢੋਟੀਆਂ,ਸ. ਸੁਖਵਿੰਦਰ ਸਿੰਘ ਗਿੱਲ ਲੈਸਟਰ ਅਤੇ ਮਨ ਜਿੱਤ ਵੀਕਲੀ ਅਦਾਰਾ ਵੀ ਸ. ਗੱਜਣ ਸਿੰਘ ਨਾਲ ਹਮਦਰਦੀ ਕਰਦਾ ਹੋਇਆ ਗੁਰੂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਕਿ ਉਹ ਵਿੱਛੜੀ ਰੂਹ ਨੂੰ ਸਵਰਗਾਂ ਵਿੱਚ ਨਿਵਾਸ ਦੇਵੇ ਅਤੇ ਪ੍ਰੀਵਾਰ ਨੂੰ ਇਹ ਅਸਿਹ ਵਿਛੋੜਾ ਸਹਿਣ ਦਾ ਬਲ ਬਖ਼ਸ਼ੇ।

# Elon Musk ਯੌਰਪੀਅਨ ਯੂਨੀਅਨ ਦੀ ਰਡਾਰ



ਵਾਟਰਲੂ: ਯੌਰਪੀਅਨ ਯੂਨੀਅਨ ਨੇ ਸੋਮਵਾਰ ਨੂੰ ਸੋਸ਼ਲ ਮੀਡੀਆ ਅਤੇ ਲੋਕਾਂ ਨੂੰ ਨੁਕਸਾਨਦੇਹ ਔਨਲਾਈਨ ਸਮੱਗਰੀ ਤੋਂ ਬਚਾਉਣ ਲਈ ਬਣਾਏ ਗਏ ਸਖ਼ਤ ਨਵੇਂ ਨਿਯਮਾਂ ਦੇ ਤਹਿਤ ਈਲੌਨ ਮਸਕ ਦੀ ਮਾਈਕ੍ਰੋਬਲੌਗਿੰਗ ਸਾਈਟ X ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਯੌਰਪ ਦੇ ਨਵੇਂ ਨਿਯਮਾਂ ਤਹਿਤ ਜਾਂਚ ਅਧੀਨ ਜਾਣ ਵਾਲੀ ਇਹ ਪਹਿਲੀ ਤਕਨਾਲੋਜੀ ਕੰਪਨੀ ਹੋਵੇਗੀ।

ਸੋਸ਼ਲ ਮੀਡੀਆ ਪਲੈਟਫ਼ੌਰਮ X 'ਤੇ ਇੱਕ ਪੋਸਟ 'ਚ ਯੌਰਪੀਅਨ ਕਮਿਸ਼ਨਰ ਥੀਏਰੀ ਬ੍ਰੈਟਨ ਨੇ ਕਿਹਾ, "ਅੱਜ ਅਸੀਂ ਡਿਜੀਟਲ ਸਰਵਿਸਿਜ਼ ਐਕਟ ਤਹਿਤ ਉਲੰਘਣਾਵਾਂ ਦੀ ਜਾਂਚ ਕਰਨ ਲਈ X ਖ਼ਿਲਾਫ਼ ਰਸਮੀ ਕਾਰਵਾਈ ਸ਼ੁਰੂ ਕੀਤੀ ਹੈ।" ਮਸਕ ਨੇ ਪੁੱਛਿਆ ਕਿ ਕੀ ਯੌਰਪੀਅਨ ਯੂਨੀਅਨ ਹੋਰ ਸੋਸ਼ਲ ਮੀਡੀਆ ਸਾਈਟਾਂ ਦੀ ਵੀ ਜਾਂਚ ਕਰੇਗੀ।

ਜ਼ਿਕਰਯੋਗ ਹੈ ਕਿ ਯੌਰਪੀਅਨ ਯੂਨੀਅਨ ਨੇ ਅਕਤੂਬਰ 'ਚ ਕੰਪਨੀ ਤੋਂ ਇਜ਼ਰਾਈਲ–ਹਮਾਸ ਯੁੱਧ ਨਾਲ ਸਬੰਧਤ ਹਿੰਸਾ ਅਤੇ ਅਤਿਵਾਦ ਨੂੰ ਭੜਕਾਉਣ ਵਾਲੀ ਨਫ਼ਰਤ ਭਰੇ ਭਾਸ਼ਣਾਂ ਅਤੇ ਸਮੱਗਰੀ ਨਾਲ ਕਿਵੇਂ ਨਜਿੱਠਣਾ ਹੈ ਬਾਰੇ ਜਾਣਕਾਰੀ ਮੰਗਣ ਤੋਂ ਬਾਅਦ X 'ਤੇ ਦਬਾਅ ਵਧਾ ਦਿੱਤਾ ਹੈ। ਸੈਨ ਫ਼ਰੈਂਸਿਸਕੋ ਸਥਿਤ ਸੋਸ਼ਲ ਮੀਡੀਆ ਪਲੈਟਫ਼ੌਰਮ ਨੇ ਕਿਹਾ ਕਿ ਉਹ ਡਿਜ਼ੀਟਲ ਸਰਵਿਸਿਜ਼ ਐਕਟ ਦੀ ਪਾਲਣਾ ਕਰਨ ਲਈ ਵਚਨਬੱਧ ਹੈ ਅਤੇ ਰੈਗੂਲੇਟਰੀ ਪ੍ਰਕਿਰਿਆ 'ਚ ਸਹਿਯੋਗ ਕਰ ਰਿਹਾ ਹੈ।" ਇਸ ਦੇ ਨਾਲ ਹੀ ਇਹ ਵੀ ਮਹੱਤਵਪੂਰਣ ਹੈ ਕਿ ਇਹ ਪ੍ਰਕਿਰਿਆ ਰਾਜਨੀਤਿਕ ਪ੍ਰਭਾਵ ਤੋਂ ਮੁਕਤ ਰਹੇ ਅਤੇ ਕਾਨੂੰਨ ਅਨੁਸਾਰ ਚੱਲੇ।






ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।


## The Red Lion Pub



ਦੇ ਮਾਲਕ ਅਤੇ ਵਾਲੀਵਾਲ ਦੇ ਉਚ-ਕੋਟੀ ਦੇ ਖਿਡਾਰੀ ਸ੍ਰ. ਸੁਰਜੀਤ ਸਿੰਘ ਪੁਰੇਵਾਲ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

**Large Screen, Sky Sports and B.B.Q. Every Evening**

*190 All Saints Way, West Bromwich B71 1RH*

**Tel : 0121-5882304**


ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



## ਦਿਲਦਾਰ ਸਿੰਘ ਸਹੋਤਾ ਵੱਲੋਂ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



## ਆਈ ਓ ਸੀ ਵੁਲਵਰਹੈਂਪਟਨ ਦੇ ਚੇਅਰਮੈਨ ਸ. ਰਘਬੀਰ ਸਿੰਘ ਬੈਂਸ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।





ਕੌਂਸਲਰ ਭੁਪਿੰਦਰ ਸਿੰਘ ਗਾਖਲ ਅਤੇ ਪਰਿਵਾਰ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



ਗੁਰੂ ਨਾਨਕ ਸਿੱਖ ਗੁਰਦੁਆਰਾ ਸਮੈਦਿਕ ਦੇ ਰਹਿ ਚੁੱਕੇ ਪ੍ਰਧਾਨ, ਪਵਾਰ ਬਿਲਡਿੰਗ ਕਨਸਟਰੱਕਸ਼ਨ ਕੰਪਨੀ ਦੇ ਮਾਲਕ ਅਤੇ ਸਮਾਜ ਸੇਵੀ ਸ. ਰਵਿੰਦਰ ਸਿੰਘ ਪਵਾਰ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।


## G.S.K LIQUOR SHOP



ਸ. ਜੱਗਾ ਸਿੰਘ ਕੈਲੇ ਅਤੇ ਪ੍ਰੀਵਾਰ

ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।


ਸਾਡੇ ਸਟੋਰ ਵਿੱਚੋਂ ਸਾਰੀਆਂ ਡਰਿੰਕਸ ਅਤੇ ਗਰੌਸਰੀ ਸਸਤੇ ਭਾਅ ਤੇ ਮਿਲਦੀ ਹੈ।

ਸਾਡੇ ਕੋਲ ਪਟਾਕੇ,ਆਤਿਸ਼ਬਾਜ਼ੀ ਅਤੇ ਫੁੱਲਝੜੀਆਂ ਦਾ ਵੱਡਾ ਸਟੌਕ ਹੈ

**Open 7 Days**

371 Dudley Road, Wolverhampton
Tel:01902 458 433


# ਹਸੀਨਾ ਯੂ.ਕੇ. ਨੇ ਮੀਟਿੰਗ ਵਿਚ ਨਵੇਂ ਮੈਂਬਰ ਨੂੰ ਕਿਹਾ ਜੀ ਆਇਆਂ






ਹਿਊਮਨ ਸਪੋਰਟ ਇ ਨੀਡ ਐਸੋਸੀਏਸ਼ਨ ਯੂ.ਕੇ. ਦੀ ਸ. ਗੁਰਨੇਕ ਸਿੰਘ ਰਾਏ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਇਸ ਸੰਸਥਾ ਵੱਲੋਂ ਹੋ ਰਹੀ ਵਿੱਦਿਆ ਭਲਾਈ ਸੇਵਾ ਨੂੰ ਮੁੱਖ ਰੱਖਦਿਆਂ ਇਸਦੇ ਨਵੇਂ ਬਣੇ ਮੈਂਬਰ ਸਮਾਜ ਸੇਵੀ ਸ. ਇੰਦਰਜੀਤ ਸਿੰਘ ਦੜੋਚ ਨੂੰ ਜੀ ਆਇਆਂ ਕਿਹਾ। ਇਸਦੇ ਨਾਲ ਹੀ ਪ੍ਰਧਾਨ ਸਾਹਿਬ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਆਪਣੀ ਨੇਕ ਕਮਾਈ ਵਿਚੋਂ ਲੋੜਵੰਦ ਪੜ੍ਹਾਈ ਵਿਚ ਹੁਸ਼ਿਆਰ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਿਚ ਹਰ ਪੱਖੋਂ ਸਹਾਇਤਾ ਕੀਤੀ ਹੈ। ਮਨ ਜਿੱਤ ਅਦਾਰਾ ਹਸੀਨਾ ਯੂ.ਕੇ. ਦਾ ਧੰਨਵਾਦੀ ਹੈ ਜਿਸਨੇ ਇਸ ਪਰਚੇ ਵੱਲੋਂ ਹੋ ਰਹੀ ਪੰਜਾਬੀ ਮਾਂ ਬੋਲੀ ਦੀ ਸੇਵਾ ਨੂੰ ਮੁੱਖ ਰੱਖਦਿਆਂ ਮਾਲੀ ਸਹਾਇਤਾ ਕੀਤੀ ਹੈ।


## RAMA EMPIRE PROPERTIES

Property Dealer/Developer

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



- Properties bought for cash (any condition).
- Specialise in family/student letting.
- Friendly family run business.

Ring us today on :
07884052680. 07915088228


# ਰਾਮ-ਸੀਤਾ ਮੰਦਰ ਨੂੰ ਬਣਾ ਦਿੱਤਾ ਚਿਕਨ ਸ਼ੌਪ



ਅਹਿਮਦਪੁਰ ਸਿਆਲ: ਇੱਥੋਂ ਦੇ ਅਹਿਮਦਪੁਰ ਸਿਆਲ 'ਚ ਸਥਿਤ ਰਾਮ-ਸੀਤਾ ਮੰਦਰ ਦਾ ਇੱਕ ਹੈਰਾਨ ਕਰਨ ਵਾਲਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਹਿੰਦੂ ਮੰਦਰ ਨੂੰ ਚਿਕਨ ਸ਼ੌਪ 'ਚ ਤਬਦੀਲ ਕਰ ਦਿੱਤਾ ਗਿਆ ਹੈ। ਮੰਦਰ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਲੋਕਾਂ ਦਾ ਗੁੱਸਾ ਭੜਕ ਗਿਆ। ਇਸ ਤੋਂ ਪਹਿਲਾਂ ਵੀ ਪਾਕਿਸਤਾਨ ਦੇ ਕਈ ਮੰਦਰਾਂ ਦੇ ਧਰਮ ਪਰਿਵਰਤਨ ਦਾ ਵੀਡੀਓ ਵਾਇਰਲ ਹੋ ਚੁੱਕਾ ਹੈ। ਕਈ ਥਾਵਾਂ 'ਤੇ ਮੰਦਰਾਂ ਨੂੰ ਮਸਜਿਦਾਂ 'ਚ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਕਈ ਥਾਵਾਂ 'ਤੇ ਮੰਦਰ ਨੂੰ ਪਸ਼ੂਆਂ ਦੇ ਤਬੇਲੇ ਬਣਾ ਦਿੱਤਾ ਗਿਆ ਹੈ। ਹੁਣ ਰਾਮ ਸੀਤਾ ਮੰਦਰ ਦਾ ਇਹ ਵੀਡੀਓ ਵਾਇਰਲ ਹੋਇਆ ਹੈ।ਸੀਤਾ ਰਾਮ ਮੰਦਰ ਪਾਕਿਸਤਾਨ ਦੇ ਅਹਿਮਦਪੁਰ ਸਿਆਲ 'ਚ ਇੱਕ ਇਤਿਹਾਸਕ ਅਤੇ ਸਭਿਆਚਾਰਕ ਮਹੱਤਵ ਵਾਲਾ ਇੱਕ ਮੰਦਰ ਹੈ। ਇਹ ਇੱਕ ਸਦੀ ਪੁਰਾਣਾ ਹੈ। ਇਹ ਮੰਦਰ ਇਲਾਕੇ ਦੇ ਹਿੰਦੂ ਭਾਈਚਾਰੇ ਲਈ ਪੂਜਾ ਸਥਾਨ ਸੀ। ਮੰਦਰ ਦੀ ਸੁੰਦਰ ਨੱਕਾਸ਼ੀ ਅਤੇ ਪਵਿੱਤਰ ਚਿੰਨ੍ਹਾਂ ਨਾਲ ਸ਼ਿੰਗਾਰੀ ਇਸ ਦੀ ਆਰਕੀਟੈਕਚਰ ਧਾਰਮਿਕ ਸੀਮਾਵਾਂ ਤੋਂ ਪਰ੍ਹੇ ਇੱਕ ਅਮੀਰ ਸਭਿਆਚਾਰਕ ਵਿਰਾਸਤ ਦੀ ਕਹਾਣੀ ਬਿਆਨ ਕਰਦੀ ਹੈ।ਪਾਕਿਸਤਾਨ 'ਚ ਰਾਮ-ਸੀਤਾ ਨੂੰ ਚਿਕਨ ਸ਼ੌਪ 'ਚ ਤਬਦੀਲ ਕਰਨ ਦਾ ਵੀਡੀਓ ਸੋਸ਼ਲ ਮੀਡੀਆ 'ਤ ਵਾਇਰਲ ਹੋ ਰਿਹਾ ਹੈ ਜੋ ਧਾਰਮਿਕ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਅਤੇ ਸਭਿਆਚਾਰਕ ਵਿਭਿੰਨਤਾ ਦੀ ਘੋਰ ਅਣਦੇਖੀ ਵੀ ਹੈ। ਮੰਦਰ ਦੇ ਵਾਇਰਲ ਹੋਏ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਜਗ੍ਹਾ-ਜਗ੍ਹਾ ਓਮ ਲਿਖਿਆ ਹੋਇਆ ਹੈ। ਇਸ ਤੋਂ ਪਹਿਲਾਂ ਵੀ ਪਾਕਿਸਤਾਨ ਦੇ ਕਈ ਮੰਦਰਾਂ ਦੇ ਇਤਰਾਜ਼ਯੋਗ ਵੀਡੀਓ ਵਾਇਰਲ ਹੋ ਚੁੱਕੇ ਹਨ।


ਬਲਵਿੰਦਰ ਗਰੇਵਾਲ
ਅਤੇ ਮਨਜੀਤ ਕੌਰ ਵਲੋਂ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਂਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।





ਗੁਰੂ ਨਾਨਕ ਸਤਿਸੰਗ ਸਿੱਖ ਗੁਰਦਵਾਰਾ, ਕੈਨਕ ਰੋਡ ਦੇ ਮੁੱਖ ਸੇਵਾਦਾਰ ਅਤੇ ਸਮੂਹ ਕਮੇਟੀ ਦੇ ਨਾਲ ਸਾਰੀ ਸੰਗਤ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਂਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



ਬਰਤਾਨਵੀ ਸੰਸਦ ਦੇ ਰਹਿ ਚੁੱਕੇ ਸੰਸਦ ਮੈਂਬਰ ਅਤੇ ਯੂ ਕੇ ਦੇ ਛੋਟੇ ਵਪਾਰਾਂ ਦੇ ਕਮਿਸ਼ਨਰ ਸ. ਪੌਲ ਸਿੰਘ ਉੱਪਲ ਅਤੇ ਉਨ੍ਹਾਂ ਦੇ ਪ੍ਰੀਵਾਰ ਵੱਲੋਂ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਂਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।




Marc Darcy Brand Again Award Winner of 2022



ਮਾਨਚੈਸਟਰ ਦੀ ਮਸ਼ਹੂਰ ਗੋਰਡਨ ਬੈਨਿੱਟ ਕੰਪਣੀ ਦੇ 'ਮਾਰਕ ਡਾਰਸੀ ਬ੍ਰਾਂਡ ਐਵਾਰਡ ਵਿਨਰ' ਵੱਲੋਂ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਂਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

# ਅਮਰੀਕਾ 'ਚ ਹੋਵੇਗੀ ਲੱਖਾਂ ਨੌਕਰੀਆਂ 'ਚ ਕਟੌਤੀ

ਬਰੈਂਪਟਨ: ਅਮਰੀਕਾ ਤੋਂ ਇੱਕ ਸਨਸਨੀਖ਼ੇਜ਼ ਰਿਪੋਰਟ ਸਾਹਮਣੇ ਆਈ ਹੈ। ਇੱਥੇ ਕਾਂਗਰਸ ਦੇ ਬਜਟ ਦਫ਼ਤਰ ਨੇ ਭਵਿਖਬਾਣੀ ਕੀਤੀ ਹੈ ਕਿ ਅਗਲੇ ਸਾਲ ਅਮਰੀਕਾ 'ਚ ਬੇਰੁਜ਼ਗਾਰੀ ਦੀ ਦਰ ਵਧੇਗੀ। CBO ਨੇ ਇਸ ਸਬੰਧੀ ਰਿਪੋਰਟ ਜਾਰੀ ਕੀਤੀ। ਸੰਯੁਕਤ ਰਾਜ ਅਮਰੀਕਾ 'ਚ 2024 'ਚ ਕਿੰਨੀ ਪ੍ਰਤੀਸ਼ਤ ਨੌਕਰੀਆਂ ਦੇ ਖ਼ਤਮ ਹੋਣ ਦੀ ਸੰਭਾਵਨਾ ਹੈ। ਕਾਂਗਰਸ ਦੇ ਬਜਟ ਦਫ਼ਤਰ (CBO) ਦੁਆਰਾ ਦਸੰਬਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਮੌਜੂਦਾ 3.9 ਪ੍ਰਤੀਸ਼ਤ ਦੀ ਬੇਰੁਜ਼ਗਾਰੀ ਦਰ 2024 'ਚ ਵੱਧ ਕੇ 4.4 ਪ੍ਰਤੀਸ਼ਤ ਹੋਣ ਦੀ ਸੰਭਾਵਨਾ ਹੈ। ਇਸ ਦਾ ਮਤਲਬ ਹੈ ਕਿ ਅਗਲੇ ਸਾਲ ਲੱਖਾਂ ਅਮਰੀਕੀਆਂ ਦੇ ਨੌਕਰੀਆਂ ਗੁਆਉਣ ਦੀ ਸੰਭਾਵਨਾ ਹੈ।




ਜਾਪਦਾ ਹੈ ਕਿ CBO ਦੀ ਰਿਪੋਰਟ ਨੇ ਖ਼ੁਲਾਸਾ ਕੀਤਾ ਹੈ ਕਿ ਅਗਲੇ ਸਾਲ ਅਮਰੀਕੀ ਅਰਥਚਾਰੇ ਨੂੰ ਨਕਾਰਾਤਮਕ ਨਤੀਜੇ ਭੁਗਤਣੇ ਪੈਣਗੇ। ਇਸ ਤੋਂ ਇਲਾਵਾ CBO ਨੇ ਭਵਿਖਬਾਣੀ ਕੀਤੀ ਹੈ ਕਿ ਬਰਾਮਦ ਘਟਣ ਦੀ ਸੰਭਾਵਨਾ ਹੈ, ਨਿਵੇਸ਼ ਵੀ ਘੱਟ ਹੋਵੇਗਾ ਅਤੇ ਪ੍ਰਵਾਸੀ ਭਾਰਤੀਆਂ ਦੁਆਰਾ ਨਿਵੇਸ਼ ਘਟੇਗਾ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਕਾਰਨਾਂ ਕਰ ਕੇ ਨੌਕਰੀਆਂ ਜਾਣ ਦੀ ਸੰਭਾਵਨਾ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ 'ਚ ਹੁਣ ਤਕ ਲਗਭਗ 18.70 ਲੱਖ ਲੋਕ ਬੇਰੁਜ਼ਗਾਰੀ ਲਾਭ ਪ੍ਰਾਪਤ ਕਰ ਰਹੇ ਹਨ, ਅਤੇ ਆਉਣ ਵਾਲੇ ਦਿਨਾਂ 'ਚ 2.02 ਲੱਖ ਹੋਰ ਲੋਕ ਅਜਿਹੇ ਲਾਭਾਂ ਲਈ ਅਰਜ਼ੀ ਦੇਣ ਦੀ ਸੰਭਾਵਨਾ ਹੈ।

# ਔਰਤਾਂ ਲਈ ਜਹਨੁੰਮ ਹੈ ਪਾਕਿਸਤਾਨ, ਛੱਡਣਾ ਚਾਹੁੰਦੀ ਹਾਂ ਮੁਲਕ - ਪਾਕਿ ਅਦਾਕਾਰਾ

ਲਾਹੌਰ: ਪਾਕਿਸਤਾਨ ਦੀ ਇੱਕ ਮਸ਼ਹੂਰ ਅਦਾਕਾਰਾ ਨੇ ਪਾਕਿਸਤਾਨ ਦੇ ਸਮਾਜਿਕ ਬਾਰੇ ਪੋਲ ਖੋਲ੍ਹ ਦਿੱਤੀ ਹੈ। ਮਸ਼ਹੂਰ ਪਾਕਿਸਤਾਨੀ ਅਦਾਕਾਰਾ ਆਇਸ਼ਾ ਉਮਰ ਦਾ ਕਹਿਣਾ ਹੈ ਕਿ ਪਾਕਿਸਤਾਨ ਔਰਤਾਂ ਲਈ ਸੁਰੱਖਿਅਤ ਨਹੀਂ।

ਪਾਕਿਸਤਾਨੀ ਅਦਾਕਾਰਾ ਦਾ ਕਹਿਣਾ ਹੈ ਕਿ ਉਹ ਪਾਕਿਸਤਾਨ ਛੱਡਣ ਦੀ ਯੋਜਨਾ ਬਣਾ ਰਹੀ ਹੈ। ਹਾਲ ਹੀ 'ਚ ਇੱਕ ਯੂਟਿਊਬ ਬ੍ਰੌਡਕਾਸਟ 'ਚ ਅਦਾਕਾਰਾ ਨੇ ਦੱਸਿਆ ਕਿ ਪਾਕਿਸਤਾਨ 'ਚ ਔਰਤਾਂ ਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਇਸ਼ਾ ਉਮਰ ਨੇ ਕਿਹਾ, "ਇਸ ਦੇਸ਼ (ਪਾਕਿਸਤਾਨ) ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਮੈਂ ਇੱਥੇ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੀ, ਮੈਂ ਸੜਕ 'ਤੇ ਖੁੱਲ੍ਹ ਕੇ ਜੀਣਾ ਚਾਹੁੰਦੀ ਹਾਂ ਕਿਉਂਕਿ ਖੁੱਲ੍ਹੀ ਹਵਾ 'ਚ ਚੱਲਣਾ ਹਰ ਕਿਸੇ ਦਾ ਅਧਿਕਾਰ ਹੈ।" ਅਦਾਕਾਰਾ ਨੇ ਕਿਹਾ, "ਮੈਂ ਕਾਰ 'ਚ ਨਹੀਂ ਬੈਠਣਾ ਚਾਹੁੰਦੀ, ਮੈਂ ਸਾਇਕਲ ਚਲਾਉਣਾ ਚਾਹੁੰਦੀ ਹਾਂ, ਪਰ ਅਫ਼ਸੋਸ ਦੀ ਗੱਲ ਹੈ ਕਿ ਮੈਂ ਸੜਕ 'ਤੇ ਨਹੀਂ ਚੱਲ ਸਕਦੀ। ਉਮਰ ਨੇ ਕਿਹਾ ਕਿ ਪਾਕਿਸਤਾਨ ਦੇ ਪੌਸ਼ ਇਲਾਕਿਆਂ 'ਚ ਵੀ ਔਰਤਾਂ ਇਸ ਤਰ੍ਹਾਂ ਘਰ ਤੋਂ ਬਾਹਰ ਨਹੀਂ ਨਿਕਲ ਸਕਦੀਆਂ।" ਆਇਸ਼ਾ ਉਮਰ ਨੇ ਇੰਟਰਵਿਊ ਦੌਰਾਨ ਕਿਹਾ, "ਮੈਂ ਹਮੇਸ਼ਾ ਮਾਨਸਿਕ ਦਰਦ ਅਤੇ ਚਿੰਤਾ ਮਹਿਸੂਸ ਕਰਦੀ ਹਾਂ।

# ਸੁਖਬੀਰ ਦੀ ਮੁਆਫ਼ੀ ਸਬੰਧੀ ਵਿਚਾਰ ਲਈ ਸੱਦਾਂਗੇ ਮੀਟਿੰਗ - ਢੀਂਡਸਾ

ਲਹਿਰਾਗਾਗਾ: ਸ਼੍ਰੋਮਣੀ ਅਕਾਲੀ ਦਲ (ਸਯੁੰਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਇੱਥੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਦਰਬਾਰ ਸਾਹਿਬ ਵਿਖੇ ਮੁਆਫ਼ੀ ਮੰਗਣਾ ਪੱਛੜ ਕੇ ਕੀਤਾ ਗਿਆ ਸਹੀ ਕੰਮ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਮੁਆਫ਼ੀ ਮੰਗਣ ਦੇ ਤੌਰ-ਤਰੀਕਿਆਂ ਬਾਰੇ ਡੂੰਘਾਈ ਨਾਲ ਵਿੱਚਾਰ ਕਰੇਗੀ।



ਉਨ੍ਹਾਂ ਖ਼ੁਸ਼ੀ ਜ਼ਾਹਿਰ ਕੀਤੀ ਕਿ ਉਨ੍ਹਾਂ ਦੇ ਜ਼ੋਰ ਦੇਣ 'ਤੇ ਸੁਖਬੀਰ ਬਾਦਲ ਨੇ ਇਹ ਮੁਆਫ਼ੀ ਮੰਗੀ ਹੈ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਉਹ ਜਲਦੀ ਹੀ ਪਾਰਟੀ ਆਗੂਆਂ ਦੀ ਮੀਟਿੰਗ ਬੁਲਾ ਰਹੇ ਹਨ। ਇਸ ਮਗਰੋਂ ਸ੍ਰੀ ਢੀਂਡਸਾ ਜਮਹੂਰੀ ਅਧਿਕਾਰ ਸਭਾ ਦੇ ਸੀਨੀਅਰ ਆਗੂ ਨਾਮਦੇਵ ਸਿੰਘ ਭੁਟਾਲ ਦੇ ਦਿਹਾਂਤ 'ਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਗਏ।

# 7.6 ਫ਼ੁੱਟ ਲੰਬਾ ਸਾਬਕਾ ਕਾਂਸਟੇਬਲ ਹੈਰੋਇਨ ਸਮੇਤ ਗ੍ਰਿਫ਼ਤਾਰ

ਤਰਨਤਾਰਨ: ਪੰਜਾਬ ਪੁਲੀਸ ਦੇ 7.6 ਫ਼ੁੱਟ ਲੰਬੇ ਕਾਂਸਟੇਬਲ ਦੀਪ ਸਿੰਘ ਨੂੰ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਤਰਨਤਾਰਨ ਤੋਂ 500 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਆਪਣੇ ਕੱਦ ਅਤੇ ਸ਼ਰੀਰ ਲਈ ਜਾਣੇ ਜਾਂਦੇ ਦੀਪ ਸਿੰਘ ਇੰਡੀਆਜ਼ ਗੌਟ ਟੈਲੇਂਟ ਸ਼ੋਅ 'ਚ ਵੀ ਨਜ਼ਰ ਆ ਚੁੱਕੇ ਹਨ ਤੇ ਕੁੱਝ ਸਮਾਂ ਪਹਿਲਾਂ ਉਨ੍ਹਾਂ ਨੇ ਪੰਜਾਬ ਪੁਲੀਸ 'ਚ ਕਾਂਸਟੇਬਲ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ। ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਦੀ ਟੀਮ ਨੇ ਦੀਪ ਸਿੰਘ ਤੇ ਉਸਦੇ ਦੋ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ।

ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕੀਤਾ ਜਾਣਾ ਹੈ ਜਿਸ ਤੋਂ ਬਾਅਦ ਉਨ੍ਹਾਂ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾਵੇਗੀ। ਮੁਲਜ਼ਮ ਆਪਣੀ ਕਾਰ 'ਤੇ ਪੰਜਾਬ ਪੁਲੀਸ ਦਾ ਸਟਿੱਕਰ ਲਗਾ ਕੇ ਘੁੰਮਦੇ ਰਹਿੰਦੇ ਸਨ। ਫ਼ਿਲਹਾਲ ਸਟੇਟ ਸਪੈਸ਼ਲ ਔਪ੍ਰੇਸ਼ਨ ਸੈਲਰੀ ਨੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।








ਇੰਡੀਅਨ ਓਵਰਸੀਜ਼ ਕਾਂਗਰਸ ਵੁਲਵਰਹੈਂਪਟਨ ਦੇ ਪ੍ਰਧਾਨ, ਮਿਡਲੈਂਡ ਪੌਲਿਸ਼ਿੰਗ ਐਂਡ ਪਲੇਟਿੰਗ ਕੰਪਣੀ ਦੇ ਮਾਲਕ ਸ. ਜਗੀਰ ਸਿੰਘ ਦੁਦਰਾਹ , ਉਨ੍ਹਾਂ ਦੇ ਪ੍ਰੀਵਾਰ ਅਤੇ ਸਟਾਫ ਵਲੋਂ

**ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।**


# OLD ENGINE PUB



## ਦੇ ਮਾਲਕ ਸ. ਜਸਵਿੰਦਰ ਸਿੰਘ ਪੋਲ ਵੱਲੋਂ


ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।


ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।


# KING GARAGE

• M.O.T • Repairs • Service • 24Hrs.Recovery

- ਅਸੀਂ ਹਰ ਕਿਸਮ ਦੀ ਕਾਰ ਅਤੇ ਵੈਨ ਦੀ ਰੀਪੇਅਰ ਅਤੇ ਸਰਵਿਸ ਕਰਨ ਵਿੱਚ ਮਾਹਰ ਹਾਂ।
- ਐਮ ਓ ਟੀ ਵੀ ਕਰਦੇ ਹਾਂ।
- 24 ਘੰਟੇ ਵਹੀਕਲ ਰੀਕਵਰੀ ਸੇਵਾ।
- ਮਸ਼ੀਨੀ ਯੰਤਰ ਨਾਲ ਕਾਰ ਜਾਂ ਵੈਨ ਦਾ ਨੁਕਸ ਕੱਢ ਲੱਭ ਲੈਂਦੇ ਹਾਂ।
- ਸਾਡਾ ਕੰਮ ਪੂਰਾ ਤਸੱਲੀਬਖਸ਼ ਅਤੇ ਕੀਮਤਾਂ ਵੀ ਵਾਜਬ।



**Experienced Mechanics Required**

Unit B, King Street, Walsall, WS1 4AF

Tel: 01922 620 720 Mob: 07539 836 162





# Fusion Personal

your partner for a comprehensive work force.

## ਮੈਨੇਜਿੰਗ ਡਾਇਰੈਕਟਰ ਸ੍ਰ. ਮੱਖਣ ਸਿੰਘ ਪੱਡਾ ਵੱਲੋਂ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



Makhan Singh Padda
Managing Director

Suite 5, Mercer House 780A Hagley Road West, Birmingham B68 0PJ

www.fusionpersonnel.co.uk

Tel : 0121 423 4580

Fax : 0121 246 5996




Shadow Chief Secretary of Britain Mr. Pat McFadden Congratulate to the all Humans 'A Happy Christmas and a very Happy New Year 2023'


ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

patara | CHARTERED ACCOUNTANTS

Accountants | Tax Advisers | Statutory Auditors | Business Advisers

ICAEW CHARTERED ACCOUNTANTS | Chartered Accountants Worldwide Network Member | BAS ICAEW BUSINESS ADVICE SERVICE

Enterprise House
352 Bearwood Road
Birmingham B66 4ET

0121 434 4747
patara.co.uk

ਮਨ ਜਿੱਤ
ਵੀਕਲੀ

# ਕੋਵਿਡ ਪ੍ਰਤੀ ਇਹਤਿਆਤ

ਸਰਦੀ ਦੀ ਇਸ ਰੁੱਤ ਵਿਚ ਪਨਪ ਰਹੇ ਫਲੂ ਦਾ ਕਾਰਨ ਕਰੋਨਾਵਾਇਰਸ ਦਾ ਇਕ ਰੂਪ ਜੇਐਨ.1 ਹੈ। ਸਭ ਤੋਂ ਪਹਿਲਾ ਮਾਮਲਾ 8 ਦਸੰਬਰ ਨੂੰ ਕੇਰਲ ਵਿਚ ਸਾਹਮਣੇ ਆਇਆ ਪਰ ਧਰਵਾਸ ਦੀ ਗੱਲ ਇਹ ਹੈ ਕਿ ਵਾਇਰਸ ਦੀ ਇਹ ਕਿਸਮ ਕਰੋਨਾ ਵਾਇਰਸ ਦੀ ਇਕ ਹੋਰ ਕਿਸਮ ਓਮੀਕਰੋਨ ਦੀ ਕਮਜ਼ੋਰ ਜਿਹੀ ਉਪ–ਕਿਸਮ ਹੈ ਜਿਸ ਤੋਂ ਬਹੁਤਾ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਪਰ ਇਸ ਦੀ ਲਪੇਟ ਵਿਚ ਆਉਣ ਵਾਲਿਆਂ ਦੀ ਵਧ ਰਹੀ ਤਾਦਾਦ ਦੇ ਮੱਦੇਨਜਰ ਰੋਕਥਾਮ ਅਤੇ ਚੌਕਸੀ ਦੇ ਕਦਮ ਚੁੱਕਣੇ ਜਰੂਰੀ ਹੋ ਗਏ ਹਨ। ਬੀਤੇ ਬੁੱਧਵਾਰ ਨੂੰ ਕੋਵਿਡ ਦੇ 600 ਤੋਂ ਵੱਧ ਨਵੇਂ ਕੇਸ ਆਏ ਸਨ ਜੋ 21 ਮਈ ਤੋਂ ਬਾਅਦ ਹੁਣ ਤੱਕ ਦਾ ਸਭ ਤੋਂ ਉੱਚਾ ਅੰਕੜਾ ਹੈ। ਹੁਣ ਐਕਟਿਵ ਕੇਸਾਂ ਦੀ ਸੰਖਿਆ 2600 ਤੋਂ ਜ਼ਿਆਦਾ ਹੋ ਗਈ ਹੈ। ਕੇਸਾਂ ਦੀ ਗਿਣਤੀ ਕੇਰਲ ਵਿਚ ਤੇਜੀ ਨਾਲ ਵਧ ਰਹੀ ਹੈ ਜਿਸ ਕਾਰਨ ਉਸ ਸੂਬੇ ਵਿਚ 10 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋਈ ਹੈ। ਕੋਵਿਡ ਦਾ ਪ੍ਰੋਟੋਕੋਲ ਕਾਫੀ ਜਾਣਿਆ ਪਛਾਣਿਆ ਹੈ ਜਿਸ ਵਿਚ ਜਨਤਕ ਤੌਰ ’ਤੇ ਮੂੰਹ ਢੱਕ ਕੇ ਰੱਖਣਾ (ਮਾਸਕ ਪਹਿਨਣਾ) ਬੁਨਿਆਦੀ ਹੈ; ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਚੌਕਸੀ ਵਧਾਉਣ ਲਈ ਆਖਿਆ ਗਿਆ ਹੈ; ਇਹ ਹਦਾਇਤ ਵੀ ਦਿੱਤੀ ਗਈ ਹੈ ਕਿ ਜੇ ਕਿਤੇ ਫਲੂ ਵਰਗੇ ਲੱਛਣਾਂ ਦਾ ਪਤਾ ਚਲਦਾ ਹੈ ਤਾਂ ਇਸ ਦੀ ਪੁਸ਼ਟੀ ਕਰਨ ਤੋਂ ਬਾਅਦ ਚਾਰ ਪੰਜ ਦਿਨਾਂ ਲਈ ਸਰੀਰਕ ਦੂਰੀ ਦੇ ਨੇਮ ਦੀ ਪਾਲਣਾ ਯਕੀਨੀ ਬਣਾਈ ਜਾਵੇ ਕਿਉਂਕਿ ਇੰਨੇ ਦਿਨਾਂ ਵਿਚ ਵਾਇਰਸ ਦਾ ਅਸਰ ਖਤਮ ਹੋ ਜਾਂਦਾ ਹੈ। ਵਿਸ਼ਵ ਸਿਹਤ ਸੰਸਥਾ ਮੁਤਾਬਕ ਜੇਐੱਨ.1 ਦੇ ਲੱਛਣ ਹਲਕੇ ਤੋਂ ਦਰਮਿਆਨੇ ਕਿਸਮ ਦੇ ਹੋ ਸਕਦੇ ਹਨ। ਸਰੀਰਕ ਤੌਰ ’ਤੇ ਕਮਜ਼ੋਰ ਲੋਕਾਂ ਨੂੰ ਵਧੇਰੇ ਸਾਵਧਾਨੀ ਵਰਤਣ ਦੀ ਲੋੜ ਹੈ। ਵਾਇਰਸ ਦੀ ਇਹ ਕਿਸਮ ਹੋਰਨਾਂ ਦੇ ਮੁਕਾਬਲੇ ਜ਼ਿਆਦਾ ਤੇਜੀ ਨਾਲ ਫੈਲਦੀ ਹੈ ਅਤੇ ਸਿੰਗਾਪੁਰ, ਮਲੇਸ਼ੀਆ, ਸਪੇਨ, ਅਮਰੀਕਾ ਅਤੇ ਬ੍ਰਾਜੀਲ ਸਮੇਤ ਲਗਭਗ 35 ਦੇਸ਼ਾਂ ਵਿਚ ਨਿਸਬਤਨ ਤੇਜੀ ਨਾਲ ਵਧੇ ਕੇਸਾਂ ਪਿੱਛੇ ਇਸੇ ਕਿਸਮ ਦਾ ਹੱਥ ਮੰਨਿਆ ਜਾਂਦਾ ਹੈ। ਅਮਰੀਕੀ ਅਧਿਕਾਰੀਆਂ ਨੇ ਪਹਿਲੀ ਵਾਰ ਸਤੰਬਰ ਵਿਚ ਇਸ ਕਿਸਮ ਦੀ ਸ਼ਨਾਖਤ ਕੀਤੀ ਸੀ। ਕਰੋਨਾਵਾਇਰਸ ਦੀਆਂ ਕਈ ਕਿਸਮਾਂ ਹਨ ਅਤੇ ਦੁਨੀਆ ਅਜੇ ਤਕ ਇਨ੍ਹਾਂ ਤੋਂ ਮੁਕਤੀ ਹਾਸਲ ਨਹੀਂ ਕਰ ਸਕੀ। ਇਹ ਸਾਹ ਪ੍ਰਣਾਲੀ ਵਿਚ ਵਧਣ ਫੁੱਲਣ ਵਾਲੇ ਵਾਇਰਸ ਹਨ ਜਿਨ੍ਹਾਂ ਵਿਚ ਆਪਣੇ ਆਪ ਨੂੰ ਲੰਮੇ ਸਮੇਂ ਤਕ ਬਚਾਅ ਕੇ ਰੱਖਣ ਦੀ ਸਮਰੱਥਾ ਹੈ। ਇਸ ਨੂੰ ਲੈ ਕੇ ਸਿਹਤ ਸੰਭਾਲ ਦੇ ਪ੍ਰਬੰਧ ਅਕਸਰ ਦਬਾਅ ਵਿਚ ਆ ਜਾਂਦੇ ਹਨ; ਇਸ ਲਈ ਪਹਿਲਾਂ ਤਿਆਰੀ ਕਰਨੀ ਜਰੂਰੀ ਹੈ। ਇਸ ਘਾਤਕ ਵਾਇਰਸ ਦੇ ਸੰਭਾਵੀ ਖਤਰੇ ਦੇ ਪੇਸ਼ੇਨਜਰ ਇਹਤਿਆਤੀ ਪਹੁੰਚ ਅਪਣਾਉਣ ਵਿਚ ਹੀ ਸਮਝਦਾਰੀ ਹੈ।



- ਕਰਮ ਸਿੰਘ ‘ਕਰਮ’

# ‘ਭਾਈ ਜੈਤਾ ਜੀ’



**ਕਰਮ ਸਿੰਘ ਕਰਮ**

ਗੁਰੂ ਤੇਗ ਬਹਾਦਰ ਆਖਿਆ, ਔਰੰਗਜ਼ੇਬ ਦੇ ਵਿੱਚ ਦਰਬਾਰ।
ਮੈਨੂੰ ਨਫ਼ਰਤ ਨਹੀਂ ਤੇਰੇ ਧਰਮ ਤੋਂ, ਨਾ ਇਸ ਤੋਂ ਮੈਨੂੰ ਖ਼ਾਰ।
ਤੇਰਾ ਢੰਗ ਜੋ ਧਰਮ ਫੈਲਾਉਣ ਦਾ,ਹੈ ਨਿਰਾ ਇਹ ਅੱਤਿਆਚਾਰ।
ਤੇਰੇ ਰੋਅਬ’ਚ ਦੀਨ ਕਬੂਲਣਾ, ਨਹੀਂ ਮੈਨੂੰ ਇਹ ਸਵੀਕਾਰ।
ਤੇਰੇ ਐਸੇ ਜ਼ੁਲਮੀਂ ਹੁਕਮ ਨੂੰ, ਕਰਦਾਂ ਮੰਨਣੋਂ ਮੈਂ ਇਨਕਾਰ।
ਦੇ ਲਓ ਸਜ਼ਾ ਜੋ ਦੇਣੀ ਤੁਸਾਂ ਨੇ,ਮੈਂ ਸਹਿਣ ਨੂੰ ਖੜ੍ਹਾਂ ਤਿਆਰ।
ਦਿੱਤਾ ਹੁਕਮ ਔਰੰਗੇ ਦੁਸ਼ਟ ਨੇ,ਕੱਟ ਦਿਓ ਸੀਸ ਨੂੰ ਭਰੇ ਬਜ਼ਾਰ।
ਵਿੱਚ ਦਿੱਲੀ ਚਾਂਦਨੀ ਚੌਂਕ ਦੇ, ਕੱਠੇ ਹੋ ਗਏ ਕਈ ਹਜ਼ਾਰ।
ਜਿੱਥੇ ਗੁਰੂ ਦਾ,ਰੰਘੜ ਜਲ੍ਹਾਦ ਨੇ,ਕੱਟਤਾ ਸੀਸ ਮਾਰ ਤਲਵਾਰ।
ਸੀ ਚਾਰ ਚੁਫ਼ੇਰੇ ਮੱਚ ਗਈ, ਇਸ ਜ਼ੁਲਮ ਦੀ ਹਾਹਾਕਾਰ।
ਉਥੇ ਝੱਖੜ ਝੁੱਲ੍ਹਿਆ ਕਹਿਰ ਦਾ, ਡਰਦੇ ਹੋ ਗਏ ਲੋਕ ਫਰਾਰ।
ਉਥੇ ਪਿਆਰਾ ਸੀ ਇੱਕ ਗੁਰੂ ਦਾ, ਵੱਡਾ ਯੋਧਾ ਤੇ ਬਲਕਾਰ।
ਜਿਸ ਸੀਸ ਗੁਰੂ ਦਾ ਚੁੱਕਿਆ, ਕਰਕੇ ਸੱਚੇ ਦਿਲੋਂ ਨਮਸਕਾਰ।
ਭਾਈ ਜੈਤਾ ਉਸ ਦਾ ਨਾਮ ਸੀ, ਗੁਰੂ ਘਰ ਦਾ ਬਰਖ਼ੁਰਦਾਰ।
ਉਹ ਸਿਦਕੀ ਪੰਧ ਨਿਬੇੜਕੇ,ਪਹੁੰਚਾ ਆਨੰਦਪੁਰ ਵਿੱਚ ਦਰਬਾਰ।
ਭਾਈ ਜੈਤੇ ਨੂੰ ਗਲ਼ ਲਾ ਲਿਆ, ‘ਗੋਬਿੰਦ ਰਾਏ’ ਨਾਲ ਪਿਆਰ।
ਕਹਿੰਦੇ ਸ਼ਾਬਾਸ਼ ਤੇਰੇ ਰੰਘਰੇਟਿਆ, ਤੂੰ ਬੇਟਾ ਗੁਰੂ ਦਾ ਜ਼ਿੰਮੇਦਾਰ।
ਹੁਣ ਸਿਰਜੂੰ ਤੇਰੇ ਵਰਗਾ ਈ ਖਾਲਸਾ,ਦੇਖੀਂ ਬਦਲੂੰ ਕਿਵੇਂ ਨੁਹਾਰ।
ਕਿਵੇਂ ਜੱਗ ਵਿੱਚ ਚਮਕੂ ਖ਼ਾਲਸਾ, ਦਿਊਂ ਗਾ ਸੋਨੇ ਵਾਂਗ ਨਿਖਾਰ।
ਨਾ ਉਹ ਜ਼ੁਲਮ ਕਿਸੇ ਤੇ ਕਰੂਗਾ, ਨਾ ਸਹਿਣ ਲਈ ਹੋਊ ਤਿਆਰ।
ਜੋ ਕੋਹੜ, ਜ਼ਾਤ ਤੇ ਪਾਤ ਦਾ, ਉਹ ਵੀ ਦਊਂ ਗਾ ਜੜ੍ਹੋਂ ਉਖਾੜ।
ਹੁਣ ਪੰਥ ਖ਼ਾਲਸਾ ਸਜੂਗਾ, ਦੇਖ ਲਈਂ ਪੀ ਕੇ ਅੰਮ੍ਰਿਤ ਖੰਡੇਧਾਰ।
ਇਹ ਵੀ ਦੇਖੀਂ ਭਾਈ ਜੈਤਿਆ, ਤੈਨੂੰ ਕਹਿਣਗੇ ਸਿੰਘ ਸਰਦਾਰ।
ਡਰ ਸਭਦਾ ਅੰਦਰੋਂ ਚੁੱਕ ਦਊਂ, ਸਭ ਰਹਿਣਗੇ ਬਣ ਹੁਸ਼ਿਆਰ।
ਕਿਵੇਂ ਕਲਗੀਧਰ ਦਸਮੇਸ਼ ਨੇ, ਹੈ ਕੀਤਾ ਸਭ ਉੱਪਰ ਉਪਕਾਰ।
ਸਾਰੇ ਧਰਮ ਬਚਾਤੇ ਹਿੰਦ ਦੇ, ਵਾਰਕੇ ਆਪਣਾ ਸਭ ਪ੍ਰੀਵਾਰ।
ਨਾਲ ਸ਼ਾਨ ਦੇ ਰਹਿਣ ਦਾ,ਦਿਵਾਤਾ, ‘ਕਰਮ’ਨੂੰ ਵੀ ਅਧਿਕਾਰ।

# ਤੇਗ ਬਹਾਦਰ ਜੀ



**ਕਰਮ ਸਿੰਘ ਕਰਮ**

ਬਾਂਹ ਨਹੀਂ ਛੱਡੀ ਪਕੜ ਕੇ॥
ਹੈ ਨਮਸਕਾਰ ਤੈਨੂੰ ਪਾਤਸ਼ਾਹ, ਗੁਰੂ ਤੇਗ ਬਹਾਦਰ।
ਤੂੰ ‘ਦਾਤਾ’ਹਿੰਦ ਬਚਾ ਲਿਆ ਬਣ ਇਸਦੀ ਚਾਦਰ।
ਨਹੀਂ ਬਾਂਹ ਤੂੰ ਛੱਡੀ ਪਕੜ ਕੇ, ਪਰ ਸੀਸ ਕਟਾਤਾ।
ਤੂੰ ਰੋਂਦੇ ਫਿਰਦੇ ਹਿੰਦੀਆਂ ਦਾ , ਧਰਮ ਬਚਾਤਾ।
ਹਨ ਮੌਜਾਂ ਸਭ ਨੂੰ ਲੱਗੀਆਂ, ਅੱਜ ਤੇਰੇ ਸਹਾਰੇ।
ਤੱਕ ਸਭ ਨੂੰ ਆਪਣੇ ਲੱਗਦੇ, ਹਨ ਧਰਮ ਪਿਆਰੇ।
ਗਲ਼ ਜੰਜੂ ਪਹਿਲੇ ਪਾਤਸ਼ਾਹ ਨੇ,ਪਾਉਣ ਨੀਂ ਦਿੱਤਾ।
ਪਿਆ ਗਲ ਵਿੱਚ ਕਿਸੇ ਦੇ, ਤੂੰ ਲਾਹੁਣ ਨੀਂ ਦਿੱਤਾ
ਤੇਰੇ ਦਾਤਾ ਇਸ ਬਲੀਦਾਨ ਨੇ, ਰੋਂਦੇ ਚੁੱਪ ਕਰਾਤੇ।
ਸਭ ਜ਼ੁਲਮੀਂ ਜ਼ਾਲਮ ਹੈਂਕੜਾਂ ਦੇ, ਭਰਮ ਮਿਟਾਤੇ।
ਨਾ ਡਰਨਾ ਨਾ ਡਰਾਉਣ ਦਾ ਤੂੰ ਪਾਠ ਪੜ੍ਹਾਇਆ।
ਡਰਿਆਂ ਨੂੰ ਵੀ ਮਾਲਕਾ,ਤੂੰ ਗਲ਼ ਨਾਲ ਲਾਇਆ।
ਅੱਜ ਤੇਰੇ ਉਸ ਬਲੀਦਾਨ ਨੂੰ,ਕਈ ਜਾਣ ਭੁਲ੍ਹਾਉਂਦੇ।
ਹੈ ਜ਼ੁਲਮੀਂ ਨਫ਼ਰਤ ਜਾਲ ਨੂੰ, ਉਹ ਰੋਜ਼ ਫੈਲਾਉਂਦੇ।
ਕਿਵੇਂ ਭੁੱਲ੍ਹ ਗਏ ਤੇਰੇ ਸਬਕ ਨੂੰ , ਜੋ ਤੂੰ ਸੀ ਦਿੱਤਾ।
ਨਹੀਂ ਸਮਝ਼ ਕਿਸੇ ਦੇ ਆਂਵਦਾ , ਇਨ੍ਹਾਂ ਦਾ ਕਿੱਤਾ।
ਨਾ ਇਹ ਨਿਭ੍ਹਾਉਂਦੇ ਦਾਤਿਆ ,ਹੈ ਆਪਣੇ ਫ਼ਰਜ਼।
ਨਾ ਕਦੇ ਚੁਕਾ ਇਹ ਸਕਣਗੇ , ਤੇਰਾ ਦਾਤਾ ਕਰਜ਼।
‘ਕਰਮ’ ਤੇਰੇ ਗੁਣ ਗਾਂਵਦਾ, ਨਹੀਂ ਕਦੇ ਵੀ ਥੱਕਦਾ।
ਤੈਨੂੰ ਸੀਸ ਝੁਕ੍ਹਾਉਂਦਾ ਦਾਤਿਆ ਵੀ ਨਹੀਂਓ ਅੱਕਦਾ।

# .ਗ਼ਜ਼ਲ



**ਬਿਸੰਬਰ ਅਵਾਂਖੀਆ**


ਜ਼ਖ਼ਮ ਤੇਰੇ ਹਿਜਰ ਦਾ ਭਰਦਾ ਨਹੀਂ ।
ਜੀਣ ਨੂੰ ਹੁਣ ਜੀਅ ਮੇਰਾ ਕਰਦਾ ਨਹੀਂ ।
ਲੱਖ ਡਰਾ ਭਾਵੇਂ ਤੂੰ ਮੈਨੂੰ ਕਿਸਮਤੇ ।
ਮੈਂ ਕਿਸੇ ਹੀਲੇ ਵੀ ਹੁਣ ਡਰਦਾ ਨਹੀਂ ।
ਰੂਪ ਲੈ ਸਕਦੈ ਕਿਸੇ ਵੀ ਮਰਜ ਦਾ,
ਅੱਖੀਆਂ ‘ਚੋਂ ਦਰਦ ਜੋ ਵਰ੍ਹਦਾ ਨਹੀਂ ।
ਲਾਜਮੀ ਹੈ ਜੰਗ ਲੜਨਾ ਦੋਸਤੋ!
ਬਿਨ ਲੜੇ ਸਾਗਰ ਕੋਈ ਤਰਦਾ ਨਹੀਂ ।
ਉਹ ਮੁਹੱਬਤ ਰੱਬ ਦੇ ਨਜਦੀਕ ਹੈ,
ਜਿਸ ਮੁਹੱਬਤ ਵਿੱਚ ਕੋਈ ਪਰਦਾ ਨਹੀਂ ।
ਆਦਮੀ ਨੂੰ ਵਕਤ ਤਦ ਤੱਕ ਮਾਰਦੈ,
ਉਹ ਅਖੀਰੀ ਮੌਤ ਜਦ ਮਰਦਾ ਨਹੀਂ ।
ਕਿੰਝ ਪਾਏਗਾ ਉਹ ਮੰਜ਼ਿਲ ਨੂੰ ਕਦੇ,
ਰਾਹ ਦੀ ਹਰ ਤਕਲੀਫ ਜੋ ਜਰਦਾ ਨਹੀਂ ।

9781825255



# ਲਾਹ ਕਲਗੀ ਗੁਰੂ ਨੇ ਆਪਣੀ

ਜਦ ਵਿੱਚ ਗੜ੍ਹੀ ਚਮਕੌਰ ਦੇ, ਸਿੰਘ ਰਹਿ ਗਏ ਥੋੜ੍ਹੇ।
ਉਨ੍ਹਾਂ ਰਲ ਗੁਰੂ ਦਸਮੇਸ਼ ਦੇ, ਹੱਥ ਅੱਗੇ ਜੋੜੇ।
ਤੇ ਕਰੀ ਬੇਨਤੀ ਗੁਰੂ ਨੂੰ, ਛੱਡ ਗੜ੍ਹੀ ਨੂੰ ਜਾਵੋ।
ਕਰ ਕਰ ਕੱਠੇ ਸੂਰਮੇ, ਸਿੰਘ ਹੋਰ ਸਜਾਵੋ।
ਕਿਉਂਕਿ! ਪੰਥ ਨੂੰ ਤੁਹਾਡੀ ਲੋੜ ਹੈ, ਅਜੇ ਬਹੁਤ ਹੀ ਡਾਢੀ।
ਇਹ ਨਾ ਠੁਕਰਾਇਓ ਬੇਨਤੀ, ਤੁਸੀਂ ਸਤਿਗੁਰੂ ਸਾਡੀ।
ਸੁਣ ਸਤਿਗੁਰ ਕਹਿੰਦੇ ਪੁੱਤਰੋ, ਮੈਂ ਜਾ ਨਹੀਂ ਸਕਦਾ।
ਇਹ ਦਾਗ ਪੰਥ ਦੀ ਪਿੱਠ ਤੇ, ਮੈਂ ਲਾ ਨਹੀਂ ਸਕਦਾ।
ਭੱਜ ਜਾਣਾ ਵਿੱਚੋਂ ਜੰਗ ਦੇ, ਸਿੰਘ ਦਾ ਕਿਰਦਾਰ ਨੀ ਸ਼ੇਰੋ।
ਜੋ ਪਿੱਠ ਵਿਖਾ ਕੇ ਭੱਜ ਜੇ, ਉਹ ਸਰਦਾਰ ਨੀ ਸ਼ੇਰੋ।
ਸਿੰਘਾਂ ਦੀ ਜਦ ਬੇਨਤੀ, ਨਾ ਗੁਰੂ ਨੇ ਮੰਨੀ।
ਰਲ ਮਤਾ ਪਕਾਇਆ, ਉਨ੍ਹਾਂ ਨੇ ਖੜ੍ਹ ਗੜ੍ਹੀ ਦੀ ਕੰਨੀ।
ਕਹਿੰਦੇ ਹੁਕਮ ਸੁਣਾ ਦਿਓ ਪੰਥ ਦਾ, ਛੱਡ ਗੜ੍ਹੀ ਨੂੰ ਜਾਵਣ।
ਨਾ ਫਿਕਰ ’ਚ ਸਾਡੇ ਪਾਤਸ਼ਾਹ, ਉੱਕਾ ਘਬਰਾਵਣ।
ਉਨ੍ਹਾਂ ਹੁਕਮ ਸੁਣਾ ’ਤਾ ਪੰਥ ਦਾ, ਸਤਿਗੁਰ ਨੂੰ ਆ ਕੇ।
ਸੁਣ ਹੁਕਮ ਪੰਥ ਦਾ ਪਾਤਸ਼ਾਹ, ਬੋਲੇ ਮੁਸਕਾ ਕੇ।
ਕਿ ਹੁਕਮ ਖ਼ਾਲਸਾ ਪੰਥ ਦਾ, ਮੈਂ ਮੋੜ ਨੀ ਸਕਦਾ।
ਪਰ ਤੁਹਾਨੂੰ ਬਿਨਾਂ ਕਮਾਂਡਰੋਂ, ਮੈਂ ਛੋੜ ਨੀ ਸਕਦਾ।
ਇਸ ਲਈ ਪਹਿਲਾਂ ਜਾਣ ਤੋਂ, ਕੁਝ ਕਰਨਾ ਪੈਣਾ।
ਹੈ ਇਕ ਕਮਾਂਡਰ ਥਾਪਣਾ, ਜਿਸ ਸਾਡੀ ਜਗ੍ਹਾ ਹੈ ਬਹਿਣਾ।
ਹੈ ਹੁਕਮ ਤੁਹਾਨੂੰ ਖ਼ਾਲਸਾ, ਤੁਸੀਂ ਉਹਦੇ ਹੁਕਮ ’ਚ ਰਹਿਣਾ।
ਗੱਲ ਸਭ ਨੇ ਸੁਣ ਕੇ ਗੁਰੂ ਦੀ, ਰਲ ਸੀਸ ਝੁਕਾਇਆ।
ਕਹਿੰਦੇ ਸਾਨੂੰ ਇਹ ਪਰਵਾਨ ਹੈ, ਤੁਸੀਂ ਜੋ ਫੁਰਮਾਇਆ।
ਫਿਰ ਸੰਗਤ ਸਿੰਘ ਨੂੰ ਪਾਤਸ਼ਾਹ ਨੇ, ਕੋਲ ਬੁਲਾਇਆ।
ਆ ਸੰਗਤ ਸਿੰਘ ਨੇ ਗੁਰੂ ਨੂੰ, ਝੁੱਕ ਸੀਸ ਝੁਕਾਇਆ।
ਲਾਹ ਗੁਰੂ ਨੇ ਕਲਗੀ ਆਪਣੀ, ਉਹਦੇ ਸੀਸ ਸਜਾ ’ਤੀ।
ਸਭ ਤੀਰ ਤੇ ਸ਼ਾਸਤਰ ਸੌਂਪ ਕੇ, ਹੱਥ ਕਮਾਨ ਫੜਾ ’ਤੀ।
ਇਨ ਸਿਖਨ ਕੋ ਦਊਂ ਪਾਤਸ਼ਾਹੀਆਂ, ਦੀ ਗੱਲ ਤੋੜ ਨਿਭਾਤੀ।
ਗੱਲ ਆਪੇ ਗੁਰੂ ਚੇਲਾ ਵਾਲੜੀ, ਕਰ ਸੱਚ ਵਿਖਾਤੀ।
ਕਹਿੰਦੇ ਜਿਉਂਦੇ ਜੀ ਮੇਰੇ ਖ਼ਾਲਸਾ, ਨਾ ਦੁਸ਼ਮਣ ਹੱਥ ਆਇਓ।
ਤੁਸੀਂ ਆਪਣੇ ਸਿੱਖੀ ਸਿਦਕ ਨੂੰ, ਤੱਕ ਦਮਾਂ ਨਿਭਾਇਓ।
ਹੁਣ ਗੜ੍ਹੀ ’ਚੋਂ ਗੁਰੂ ਨੇ ਜਾਣ ਲਈ, ਕਰ ਲਏ ਤਿਆਰੇ।
ਤੇ ਖ਼ੁਦ ਅਰਦਾਸਾ ਸੋਧ ਕੇ, ਛੱਡੇ ਪੰਜ ਜੈਕਾਰੇ।
ਮਾਰਦੇ ਤਾੜੀ ਚਲੇ ਗਏ, ਪੁੱਤਰਾਂ ਦੇ ਦਾਨੀ।
ਲੜ ਸਿੰਘ ਸ਼ਹੀਦੀਆਂ ਪਾ ਗਏ, ਦੇ ਗਏ ਕੁਰਬਾਨੀ।
ਅੱਜ ਪੂਰਾ ਭਾਰਤ ਰਿਣੀ ਹੈ, ਮੇਰੇ ਕਲਗੀਧਰ ਦਾ।
‘ਕਰਮ’ ਵੀ ਚਰਨੀ ਦਾਤਿਆ, ਤੇਰੇ ਸੀਸ ਹੈ ਧਰਦਾ।



-ਕਰਮ ਸਿੰਘ ਕਰਮ

# ਹੇ ਯਿਸੂ ਮਸੀਹ



ਐ ਯਿਸੂ ਮਸੀਹ, ਹੇ ਯਿਸੂ ਮਸੀਹ, ਸਦਾ ਅਮਰ ਹੈ ਆਉਣਾ ਤੇਰਾ।
ਬੈਥਲਹਿਮ ਦੀ ਧਰਤ ਤਾਈਂ ਜੀ, ਨਮਸਕਾਰ ਹੈ ਮੇਰਾ।
ਮਾਂ ਮਰੀਅਮ ਦੀ ਗੋਦ ਸੁਹਾਇਆ, ਪੁੱਤ ਪਰਮੇਸ਼ਰ ਦਾ।
ਵਰਖਾ ਰੁੱਤ’ਚ ਮੌਲ਼ ਪਵੇ, ਜਿਉਂ ਬੂਟਾ ਕੇਸਰ ਦਾ।
ਫਰਿਸ਼ਤੇ ਦੇਣ ਵਧਾਈਆਂ ਆਏ, ਮਹਿਕਿਆ ਚਾਰ ਚੁਫ਼ੇਰਾ।
ਬੈਥਲਹਿਮ ਦੀ ਧਰਤ ਤਾਈਂ ਜੀ.......................।
ਸਭ ਤੋਂ ਪਹਿਲਾਂ ਸਭਨੂੰ ਹੁੰਦੀ, ਆਪਣੀ ਜਾਨ ਪਿਆਰੀ।
ਯੂਸਫ ਦੇ ਰਾਜ ਦੁਲਾਰਿਆ, ਤੂੰ ਤਾਂ ਜਾਨ ਅਸਾਂ ਲਈ ਵਾਰੀ।
ਹੇ ਪਰਮ ਪਿਤਾ ਪ੍ਰਮਾਤਮਾਂ, ਧੰਨ ਤੂੰ, ਧੰਨ ਤੇਰਾ ਜੇਰਾ।
ਬੈਥਲਹਿਮ ਦੀ ਧਰਤ ਤਾਈਂ ਜੀ.......................।
ਕਲਵਰੀ ਦਾ ਕਣ–ਕਣ ਕੁਰਲਾਇਆ, ਜਦ ਸੱਚ ਸਲੀਬੇ ਚਾੜ੍ਹਿਆ।
ਤੀਸਰ ਦਿਹੁੰ ਤੂੰ ਉਠ ਖਲੋਇਆ, ਕੁਫਰ ਦਾ ਪੜਦਾ ਪਾੜਿਆ।
ਘੁੱਪ ਹਨੇਰੀ ਰਾਤ ਨੂੰ ਚੜ੍ਹਿਆ, ਜਿੱਥੇ ਸੋਨ ਸਵੇਰਾ।
ਬੈਥਲਹਿਮ ਦੀ ਧਰਤ ਤਾਈਂ ਜੀ.......................।
ਮਾਰਨ ਵਾਲੇ ਮਰ ਮੁੱਕ ਗਏ, ਪ੍ਰਭੂ ਜੀਸਸ ਜੱਗ ਜਿਊਂਦਾ।
ਪਿਆਰ ਸੁਨੇਹੜਾ ਤੇਰਾ ਅੱਜ ਵੀ, ਜ਼ਖ਼ਮ ਹਿਜ਼ਰ ਦੇ ਸਿਉਂਦਾ।
‘ਚੰਨ ਜੰਡਿਆਲਵੀ’ ਨੂੰ ਹਰ ਕ੍ਰਿਸਮਿਸ, ਮਿਲਦਾ ਪਿਆਰ ਬਥੇਰਾ।
ਬੈਥਲਹਿਮ ਦੀ ਧਰਤ ਤਾਈਂ ਜੀ.......................।

**- ਤਰਲੋਚਨ ਸਿੰਘ ਚੰਨ ਜੰਡਿਆਲਵੀ।**

ਹੇ ਯਿਸੂ ਮਸੀਹ.....ਕ੍ਰਿਸਮਿਸ ਦੇ ਸੁਗਾਤਾਂ ਭਰੇ ਸ਼ੁਭ ਦਿਹਾੜੇ ਤੇ ਆਪ ਜੀ ਨੂੰ, ਆਪਜੀ ਦੀ ਕਹਿਣੀ ਤੇ ਕਰਨੀ ਨੂੰ ਅਤੇ ਕੁੱਲ ਕਾਇਨਾਤ ਨੂੰ ਕੋਟਿ–ਕੋਟਿ ਪ੍ਰਣਾਮ।

# ਗੜ੍ਹੀਏ ਚਮਕੌਰ ਦੀਏ



ਸ. ਬਲਬੀਰ ਸਿੰਘ
ਸੇਖੋਂ ਪਮਾਲ

**ਨੋਟ: ਮੇਰਾ ਇਹ ਲੇਖ ਦਸੰਬਰ 1704 ਈਸਵੀ ਵਿਚ ਸ਼ਹੀਦੀਆਂ ਪਾਉਣ ਵਾਲੇ ਅਣਗਿਣਤ ਸੂਰਮੇ ਸਿੱਖ ਸ਼ਹੀਦਾਂ ਜਿਨ੍ਹਾ ਵਿਚ ਦਸਮੇਸ਼ ਪਿਤਾ ਜੀ ਦੇ ਚਾਰੇ ਲਾਲ ਅਤੇ ਉਨ੍ਹਾ ਦੀ ਮਾਤਾ ਜੀ ਵੀ ਸਨ, ਦੀ ਨਿੱਘੀ ਯਾਦ ਨੂੰ ਸਮਰਪਿਤ ਹੈ।**

**ਬੱਲੇ ਨੀ ਗੜ੍ਹੀਏ ਚਮਕੌਰ ਦੀਏ
ਤੈਂ ਕਿਆ ਰਚਿਆ ਇਕ ਅਨੋਖਾ ਇਤਿਹਾਸ।
ਅੱਜ ਦੇ ਦਿਨ ਇਥੇ ਜਿਸ ਜੋੜੀ ਦੀ ਸ਼ਹੀਦੀ ਹੋਈ,
ਇਸੇ ਦਿਨ ਹੀ ਜਨਮਿਆ ਸੀ ਉਨ੍ਹਾਂ ਦਾ ਧਰਮੀ ਬਾਪ।**

ਮਨਜਿੱਤ ਦੇ ਪਿਆਰੇ ਅਤੇ ਸਮਝਦਾਰ ਪਾਠਕੋ! ਆਪੋ ਆਪਣਾ ਦਿਲ ਥਾਮ ਲੋ ਕਿਉਂਕਿ ਸਿੱਖ ਇਤਿਹਾਸ ਦੇ ਖ਼ੂਨੀ ਵਰਕਿਆਂ ਦੀ ਜਿਹੜੀਦਿਲ ਕੰਬਾਊ ਅਤੇ ਦਰਦ ਭਰਪੂਰ ਦਾਸ ਤਾਂ ਮੈਂ ਬਿਆਨ ਕਰਨ ਜਾ ਰਿਹਾ ਹਾਂ, ਉਸਨੂੰ ਪੜ੍ਹ ਕੇ ਅਵੱਸ਼ ਹੀ ਤੁਹਾਡਾ ਦਿਲ ਬੇਕਾਬੂ ਹੋ ਜਾਣਾ ਹੈ ਅਤੇ ਤੁਹਾਡੀਆਂ ਅੱਖਾਂ ਵਿਚੋਂ ਹੜ੍ਹ ਵਾਂਗ ਵਗਦੇ ਖਾਰੇ ਹੰਝੂਆਂ ਨੇ ਤੁਹਾਡੀ ਕੋਈ ਪੇਸ਼ਨਹੀਂ ਜਾਣ ਦੇਣੀ।

ਜਿਸ ਵਕਤ ਗੁਰੂ ਜੀ ਦਾ ਦੁੱਧ ਮੱਖਣਾ ਨਾਲਪਾਲਿਆ 17-18 ਸਾਲਾਂ ਦਾ ਸੋਹਣਾ ਸੁਨੱਖਾ ਬੇਟਾ, ਦਸਾਂ ਸਿੰਘਾਂ ਨਾਲ ਜ਼ੋਰ ਸ਼ੋਰ ਨਾਲ ਭਰੀ ਹੋਈ ਚੋਮਕੌਰ ਦੀ ਲੜਾਈ ਵਿਚ ਜਾ ਗੱਜਿਆ, ਇਕ ਵਾਰ ਤਾਂ ਵੈਰੀ ਵੀ ਉਸ ਦੀ ਸ਼ਾਸਤਰ ਵਿੱਦਿਆ ਦੇ ਕਮਾਲ ਨੂੰ ਵੇਖ ਕੇ ਅਸ਼ ਅਸ਼ ਕਰ ਉੱਠੇ। ਜਿਸ ਪਾਸੇ ਸਾਹਿਬਜੀ ਨੇ ਮੂੰਹ ਕੀਤਾ, ਮਾਰ ਮਾਰ ਕੇ ਵੈਰੀਆਂ ਦੇ ਢੇਰ ਲਾ ਦਿੱਤੇ। ਉਹ ਬਹੁਤਾ ਚਿਰ ਇਸ ਸ਼ੇਰ ਅੱਗੇ ਟਿਕ ਨਾ ਸਕੇ। ਆਪਣੀਆਂ ਜਾਨਾਂ ਬਚਾਉਣ ਖਾਤਰ ਭੇਡਾਂ ਬੱਕਰੀਆਂ ਵਾਗ ਥਾਂਥਾਂ ਖਿੰਡ ਗਏ। ਗੁਰੂ ਜੀ ਗੜ੍ਹੀ ਦੀ ਛੱਤ ਤੇ ਖਲੋਤੇ ਆਪਣੇ ਬੇਟੇ ਅਜੀਤ ਸਿੰਘ ਅਤੇ ਸਿੰਘਾਂ ਨੂੰ ਲੜਦੇ ਵੇਖ ਕੇ ਸ਼ਾਬਾਸ਼ ਦਿੰਦੇ ਰਹੇ। ਅਖੀਰ ਉਹ ਲੜਦੇ ਲੜਦੇ ਸ਼ਹੀਦੀਆਂ ਪਾ ਗਏ ਅਤੇ ਦੁਨੀਆਂ ਵਿਚ ਇਕ ਸਾਕਾ ਸਿਰਜ ਗਏ। ਇਕ ਬੇਮਿਸਾਲ ਸਾਕਾ।

ਵੱਡੇ ਵੀਰ ਅਜੀਤ ਸਿੰਘ ਦੇ ਪਿਛੇ ਹੀ ਉਸਦਾ ਛੋਟਾ ਵੀਰ ਜੁਝਾਰ ਸਿੰਘ (ਉਮਰ 14 ਸਾਲ) ਆਪਣੇ ਪਿਤਾ ਜੀ ਤੋਂ ਆ ਗਿਆ ਲੈ ਕੇ, ਪੰਜਾਂ ਸਿੰਘਾਂ ਦਾ ਜੱਥਾ ਬਣਾ ਕੇ ਲੜਾਈਦੇ ਮੈਦਾਨ ਵਿਚ ਜਾ ਗਰਜਿਆ। ਇਸ ਜਥੇ ਵਿਚ ਪੰਜਾਂ ਪਿਆਰਿਆਂ ਵਿਚੋਂ ਦੋ ਪਿਆਰੇਭਾਈ ਮੋਹਕਮ ਸਿੰਘ ਅਤੇ ਭਾਈ ਹਿੰਮਤਸਿੰਘ ਵੀ ਸਨ। ਨਾਜ਼ੀਂ ਪਲਿਆ ਲੇ ਕਿ ਨਬਲਵਾਨ, ਸੂਰਵੀਰ ਅਤੇ ਆਪਣੇ ਬਾਪ ਵਾਂਗ ਵੱਡੇ ਜਿਗਰੇ ਵਾਲਾ ਜੁਝਾਰ ਸਿੰਘ। ਉਸ ਨੂੰ ਲੜਦਾ ਵੇਖ ਕੇ ਵੈਰੀ ਚਕਰਾ ਗਏ, ਘਬਰਾ ਗਏ। ਉਸ ਦੀ ਤਿੱਖੀ ਤਲਵਾਰ ਨੂੰ ਕੋਈ ਵੀਰੋਕ ਨਾ ਸਕਿਆ। ਉਸਨੇ ਵੱਢ ਵੱਢ ਕੇਵੈਰੀਆਂ ਦੀਆਂ ਚਰੀ ਅਤੇ ਬਾਜਰੇ ਵਾਂਗਢੇਰੀਆਂ ਲਾ ਦਿੱਤੀਆਂ। ਗਿਣਤੀ ਦੇ ਸਿੰਘ ਅਤੇ ਸਾਹਿਬ ਜੁਝਾਰ ਸਿੰਘ। ਕਿੰਨੀ ਦੇਰ ਚੱਲਸਕਦਾ ਸੀ ਇਹ ਮੁਕਾਬਲਾ ਲੱਖਾਂ ਵੈਰੀਆਂਨਾਲ ਲੇਕਿਨ ਸ਼ਹੀਦ ਹੋਣ ਤੋਂ ਪਹਿਲਾਂ "**ਸਵਾ ਲਾਖ ਸੇ ਏਕ ਲੜਾਊਂ**" ਵਾਲਾ ਵਾਕ ਇਸ ਜੱਗ ਤੇ ਸੱਚਾ ਸਿੱਧ ਕਰ ਗਏ। ਅਖੀਰ ਲੜਦੇ ਲੜਦੇ ਉਹ ਸ਼ਹੀਦੀ ਪਾ ਗਏ। ਛੋਟੇ ਵੀਰ ਨੇ ਆਪਣੇ ਵੱਡੇ ਵੀਰ ਨੂੰ ਜਾ ਗਲਵੱਕੜੀ ਪਾਈ ਅਤੇ ਉਸਦੇ ਹੱਥ ਵਿਚੋਂ ਪਕੜਿਆ ਪਾਣੀ ਦਾ ਗਿਲਾਸ ਲੈ ਕੇ ਆਪਣੀ ਪਿਆਸ ਬੁਝਾਈ। ਫੇਰ ਦੋਨਾਂ ਵੀਰਾਂ ਨੇ ਆਪਣੇ ਦਾਦਾਜੀ ਦੇ ਚਰਨਾਂ ਵਿਚ ਜਾ ਮੱਕਾ ਟੇਕਿਆ। ਜੁਝਾਰ ਸਿੰਘ ਨੂੰ ਜ਼ਮੀਨ ਤੇ ਸ਼ਹੀਦ ਹੋਇਆ ਪਿਆ ਵੇਖ ਕੇ ਸਾਰੇ ਖਾਨਾਂ ਅਤੇ ਸੂਬਿਆਂ ਦੀਆਂ ਅੱਖਾਂ ਵਿਚੋਂ ਹੰਝੂ ਕਿਰ ਰਹੇ ਸਨ। ਕੱਚੀ ਉਮਰ ਦਾ ਇੰਨਾ ਖ਼ੂਬਸੂਰਤ, ਬਹਾਦਰ, ਨਿਧੜਕ, ਨਿਡਰ, ਜੰਗਜੂ, ਜਾਂ-ਬਾਜ, ਤਲਵਾਰ ਦਾ ਧਨੀ ਅਤੇ ਪੈਰਾਂ ਦਾ ਇਨਾਸੋਅਲ ਜੁਝਾਰ ਆਪਣੀ ਬਹਾਦਰੀ ਦੀ ਇਸ ਜੱਗ ਤੇ ਅਜਿਹੀ ਮਿਸਾਲ ਕਾਇਮ ਕਰਗਿਆ ਜਿਸਨੂੰ ਅੱਜ ਤੱਕ ਕੋਈ ਹੋਰ ਦੁਹਰਾ ਨਹੀਂ ਸਕਿਆ।




ਗੁਰੂ ਜੀ ਦੇ ਆਪਣੇ ਵੱਡੇ ਬੇਟੇ, ਉਨ੍ਹਾਂ ਦੀਆਂਅੱਖਾਂ ਦੇ ਸਾਹਮਦੇ, ਦੇਸ਼, ਕੌਮ, ਧਰਮ ਅਤੇ ਇਨਸਾਨੀਅਤ ਦੀ ਸੇਵਾ ਕਰਦੇ ਆਪਾ ਕੁਰਬਾਨ ਕਰ ਗਏ। ਵੇਖੋ ਕੁਦਰਤ ਕੀ ਖੇਡਾਂ ਖੇਡ ਰਹੀ ਏ ਇਸਮਹਾਨ ਵਿਦਵਾਨ, ਤੀਰਾਂ ਤੇ ਖਿਡਾਰ, ਬਾਜਾਂਦੇ ਉਡਾਰ, ਨੀਲੇ ਘੋੜੇ ਦੇ ਸ਼ਾਹ ਅਸਵਾਰ ਅਤੇ ਅਜਿੱਤ ਸ਼ਾਹ ਜ਼ੋਰ ਨਾਲ। ਜਿਸ ਵਕਤ ਚਮਕੌਰ ਸਾਹਿਬ ਵਿਖੇ ਇਹਬੇਮਿਸਾਲ ਲਾਸਾਨੀ ਸਾਕਾ ਸਿਰਜਿਆ ਗਿਆ। ਉਹ ਦਿਨ ਸੀ 22 ਦਸੰਬਰ 1704 ਈਸਵੀ ਦਾ। ਇਸ ਦਿਨ ਪੁੱਤਰਾਂ ਦੀ ਸ਼ਹੀਦੀ ਲੇਕਿਨ ਉਨ੍ਹਾ ਦੇ ਪਿਤਾ ਧਰਮ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ (ਗੁਰੂ ਸਾਹਿਬ ਜੀ ਦਾ ਜਨਮ 22 ਦਸੰਬਰ 1666 ਈਸਵੀ ਨੂੰ ਪਟਨਾ ਸਾਹਿਬ ਵਿਖੇ ਹੋਇਆ ਸੀ।)

ਇਕ ਪਾਸੇ ਇੰਨੀ ਵੱਡੀ ਖ਼ੁਸ਼ੀ ਦਾ ਦਿਨ ਕਿਉਂਕਿ ਗੁਰੂ ਜੀ ਆਪਣੇ ਮਾਪਿਆਂ ਦੇ ਬੁੱਢੇਵਾਰੇ ਪੈਦਾ ਹੋਈ ਇਕਲੌਤੀ ਔਲਾਦ ਸੀ, ਦੂਸਰੇ ਪਾਸੇ ਸਾਹਮਣੇ ਪਈਆਂ ਨੌਜਵਾਨਾਂ ਪੁੱਤਾਂ ਦੀਆਂ ਸੱਜਰੀਆਂ ਲਾਸ਼ਾਂ। ਨਾਲ ਨਾਲ ਗੁਰੂ ਜੀ ਨੂੰ ਆਪਣੀ ਮਾਤਾ ਜੀ ਅਤੇ ਦੋ ਛੋਟੇ ਬੇਟਿਆਂ (ਸਾਹਿਬਜ਼ਾਦਾ ਜ਼ੋਰਾਵਰ ਸਿੰਘ ਉਮਰ 7 ਸਾਲ 11 ਮਹੀਨੇ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਉਮਰ 5 ਸਾਲ 10 ਮਹੀਨੇ) ਜਿਹੜੇ ਸਰਸਾ ਦਰਿਆ ਦੇ ਕਿਨਾਰੇ ਵਿਛੋੜਾ ਦੇ ਗਏ ਸਨ ਵਾਰੇ ਭੋਰਾ ਵੀ ਗਿਆਨ ਨਹੀਂ ਸੀ। ਗੁਰੂ ਜੀ ਇਸ ਵਕਤ ਕੀ ਮਹਿਸੂਸ ਕਰ ਰਹੇ ਹੋਣਗੇ। ਇਹ ਤਾਂ ਸਿਰਫ਼ ਉਨ੍ਹਾਂ ਨੂੰ ਹੀ ਪਤਾ ਹੋਊ। ਲੇਕਿਨ ਉਨ੍ਹਾਂ ਦੇ ਨੂਰਾਨੀ ਚਿਹਰੇ ਤੇ ਕਿਸੇ ਵੀ ਕਿਸਮ ਦੀ ਉਦਾਸੀ, ਡਰ, ਖਿਝ ਜਾਂ ਪਛਤਾਵਾ ਜ਼ਾਹਰ ਨਹੀਂ ਸੀ ਹੋ ਰਹੇ।

ਮਾਤਾ ਗੁਜਰੀ ਜੀ ਹਰ ਸਾਲ ਗੁਰੂ ਜੀ ਦੇ ਜਨਮ ਦਿਨ ਤੇ ਆਪਣੇ ਹਥੀਂ ਸਵੇਰੇ ਸਵੇਰੇ ਪਰਸ਼ਾਦ ਬਣਾਉਂਦੇ, ਖ਼ੁਦ ਹੀ ਅਰਦਾਸ ਕਰਦੇ, ਸਭ ਤੋਂ ਪਹਿਲਾਂ ਆਪਣੇ ਇਕਲੌਤੇ ਬੇਟੇ ਦਾ ਮੂੰਹ ਮਿੱਠਾ ਕਰਾਉਂਦੇ, ਫੇਰ ਪਰਸ਼ਾਦ ਸੰਗਤਾਂ ਵਿਚ ਵਰਤਾ ਦਿੰਦੇ। ਪਿਛੋਂ ਸਾਰਾਦਿਨ ਆਪਣੇ ਹੱਥੀਂ ਗਰੀਬਾਂ ਨੂੰ ਪਰਸ਼ਾਦਾ ਛਕਾਉਂਦੇ ਅਤੇ ਉਨ੍ਹਾਂ ਨੂੰ ਕੱਪੜੇ ਵੰਡ ਦੇ ਰਹਿੰਦੇ।

ਅੱਜ ਤਾ ਸਾਰਾ ਕੁਝ ਹੀ ਹੇਠ ਉਤੇ ਹੋ ਗਿਆਸੀ। ਅੱਜ ਮਾਤਾ ਗੁਜਰੀ ਜੀ ਦੀ ਤਕਲੀਫ਼ਾਂ ਵਿਚ ਘਿਰੇ ਕਸ਼ਟ ਭੋਗਦੇ, ਛੋਟੇ ਪੋਤਿਆਂ ਨੂੰ ਆਪਣੀ ਹਿੱਕ ਨਾਲ ਘੁੱਟੀ, ਆਪਣੇ ਬੇਟੇ ਗੋਬਿੰਦ ਸਿੰਘ ਬਾਰੇ ਜ਼ਰੂਰ ਹੀ ਸੋਚ ਰਹੇ ਹੋਣਗੇ, ਜਿਨ੍ਹਾਂ ਨੂੰ ਸਰਸਾ ਨਦੀ ਦੇ ਕੰਢੇ ਕੁਦਰਤ ਦੇ ਰਹਿਮ ਤੇ ਛੱਡ ਕੇ, ਉਨ੍ਹਾਂ ਦਾ ਆਪਸੀ ਵਿਛੋੜਾ ਪੈ ਗਿਆ ਸੀ। ਉਨ੍ਹਾਂ ਨੂੰ ਆਪਣੇ ਵੱਡੇ ਪੋਤਿਆਂ ਦੀ ਯਾਦ ਆ ਰਹੀ ਹੋਵੇਗੀ ਅਤੇ ਉਨ੍ਹਾਂ ਦਾ ਫਿਕਰ ਵੱਢਵੱਢ ਖਾ ਰਿਹਾ ਹੋਵੇਗਾ। ਆਪਣੀਆਂ ਲਾਡਲੀਆਂ ਨੂੰਹਾਂ ਵੱਲ ਵੀ ਉਨਾਂ ਦਾ ਧਿਆਨ ਜਾ ਰਿਹਾ ਹੋਵੇਗਾ। ਲੇਕਿਨ ਅੱਜ ਮਾਤਾ ਜੀ ਨੂੰ ਬਿਲਕੁਲ ਹੀ ਪਤਾ ਨਹੀਂ ਹੋਣਾ ਜਿਹੜਾ ਸਾਕਾ ਅੱਜ ਉਨ੍ਹਾਂ ਦੇ ਪੁੱਤਰ ਦੇ ਜਨਮ ਦਿਨ ਤੇ ਚਮਕੌਰ ਸਾਹਿਬ ਦੀ ਧਰਤੀ ਤੇ ਸਿਰਜਿਆ ਜਾ ਚੁੱਕਾ ਸੀ।

ਇਹ ਪਹਾੜ ਜਿੱਡਾ ਦੁੱਖ ਬਿਰਧ ਅਤੇ ਕਮਜ਼ੋਰਦਾ ਦੀ ਮਾਂ ਤੋਂ ਕਿਥੇ ਬਰਦਾਸ਼ਤ ਹੋ ਸਕਣਾ ਸੀ। ਅਸੀਂ ਪੁੱਤਰਾਂ ਵਾਲੇ, ਹੁਣ ਸਹਿਜੇ ਹੀ ਮਹਿਸੂਸ ਕਰ ਸਕਦੇ ਹਾਂ ਕਿ ਗੁਰੂ ਜੀ ਦਾ ਕਿੱਡਾ ਵੱਡਾ ਜਿਗਰਾ ਸੀ। ਉਨ੍ਹਾਂ ਨੇ ਕਿਸੇ ਦੂਸਰੇ ਦੇ ਸਿਰ ਆਪਣਾ ਅਹਿਸਾਨ ਨਹੀਂ ਜਤਾਇਆ। ਉਦਾਸ ਨਹੀਂ ਹੋਏ, ਰੋਏ ਪਿੱਟੇ ਨਹੀਂ, ਵਿਰਲਾਪ ਨਹੀਂ ਕੀਤਾ। ਸਾਰੇ ਦੁੱਖ ਅੰਦਰ ਹੀ ਅੰਦਰ ਪੀ ਗਏ। ਆਪਣੇ ਸੰਤੋਖੀ ਚਿਹਰੇ ਤੇ ਕੋਈ ਗੁੱਸਾ ਗਿਲਾਜਾਂ ਸ਼ਿਕਵਾ ਪ੍ਰਗਟ ਨਹੀਂ ਹੋਣ ਦਿੱਤਾ। ਸਗੋਂ ਉਨਾਂ ਨੇ ਪ੍ਰਮਾਤਮਾ ਦਾ ਸ਼ੁਕਰ ਕੀਤਾ ਕਿ ਜਿਸਦੀ ਚੀਜ਼ ਸੀ, ਜਿਸ ਨੇ ਦਿੱਤੀ ਸੀ, ਉਹ ਆਪੇ ਹੀ ਲੈ ਗਿਆ ਸੀ। ਇਸ ਤਰ੍ਹਾਂ ਗੁਰੂ ਜੀ ਇਸ ਦੁਨੀਆਂ ਵਿਚ ਕਦੀ ਵੀ ਫਿਰ ਨਾ ਦੁਹਰਾਇਆ ਜਾਣ ਵਾਲਾ ਬੇਮਿਸਾਲ ਸਾਕਾ ਸਿਰਜ ਗਏ ਸਨ। ਉਹ ਆਪਣੀ ਮਿਸਾਲ ਆਪ ਸਨ। ਉਨ੍ਹਾਂ ਦੇ ਜੋੜ ਦਾ ਪਰਮ ਗੁਰੂ ਨਾ ਕਦੀ ਹੁਣ ਤੱਕ ਇਸ ਧਰਤੀ ਤੇ ਪੈਦਾ ਹੋਇਆ ਹੈ ਅਤੇ ਨਾ ਹੀ ਕਦੀਹੋਵੇਗਾ। ਜੇ ਆਪਾਂ ਗੁਰੂ ਗੋਬਿੰਦ ਸਿੰਘ ਜੀ ਨੂੰਰੱਬ ਵੀ ਆਖ ਦੇਈਏ ਫੇਰ ਵੀ ਇਸ ਵਿਚ ਕੋਈ ਅਤਿਕਥਨੀ ਨਹੀਂ ਹੈ ਕਿਉਂਕਿ ਇਸ ਧਰਤੀ ਤੇ ਦੂਸਰੇ ਕਿਸੇ ਰੱਬ ਨੂੰ ਕਿਸੇ ਨੇ ਅੱਖੀਂ ਨਹੀਂ ਵੇਖਿਆ ਸਿਰਫ਼ ਕਿ ਆਸਿਆ ਹੀ ਹੈ।


ਅੱਜ ਅਸੀਂ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਅਗਿਆਨਤਾ ਦੇ ਡੂੰਘੇ ਚਿੱਕੜ ਵਿਚ ਫਸੇ ਅਤੇ ਧਸੇ ਹੋਏ ਹਾਂ। ਸਾਡੇ ਗੁਰੂਆਂ ਨੇ ਸਾਨੂੰ ਆਪਣੀ ਬਾਣੀ (ਬਚਨ, ਕਥਾ, ਵਿਚਾਰ, ਕਰਨੀ) ਅਤੇਮਹਾਨ ਕੁਰਬਾਨੀਆਂ ਦੇ ਦੇ ਜ਼ਿੰਦਗੀ ਦਾ ਸੱਚਾ ਮਾਰਗ ਵਿਖਾਇਆ ਸੀ ਅਤੇ ਗਲਤ ਰਾਹਾਂ ਤੇ ਭਟਕਣ ਤੋਂ ਰੋਕਿਆ ਸੀ। ਕੀ ਆਪਾਂ ਅੱਜ ਉਨ੍ਹਾਂ ਦੇ ਕਹੇ ਲੱਗ ਰਹੇ ਹਾਂ ? ਬਿਲਕੁਲ ਹੀ ਨਹੀਂ। ਕੀ ਫੇਰ ਆਪਾਂ ਸਾਰੇ ਨਾਂ ਸ਼ੁਕਰੇ ਅਤੇਅਕ੍ਰਿਤਘਣ ਨਹੀਂ ਹਾਂ ?

ਅੱਜ ਆਪਾਂ ਨੂੰ ਆਪਣੀ ਅਣਖੀਲੀ ਕੌਮ ਦੇ ਲਾਸਾਨੀ ਬਾਪੂ ਜੀ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੂੰ ਖਾਸ ਤੌਰ ਤੇ ਯਾਦ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਦਰਸਾਏ ਰਸਤੇ 'ਤੇ ਚੱਲਣ ਦਾ ਯਤਨ ਕਰਨਾ ਚਾਹੀਦਾ ਹੈ। ਜੇਆਪਾਂ ਗੁਰੂ ਦੀ ਮਿਹਰ ਨਾਲ ਆਪਣਾ ਆਪ ਸੁਧਾਰ ਲਈਏ। ਸਾਡਾ ਸਾਰਾ ਸਮਾਜ ਆਪੇ ਹੀ ਸੁਧਰ ਜਾਵੇਗਾ।

ਸਰਬਤ ਦੇ ਭਲੇ ਵਾਸਤੇ ਆਪਣੇ ਗੁਰੂ ਤੋਂ ਦੁਆਵਾਂ ਮੰਗਦਾ ਮੈਂ ਹਾਂ ਸਮੂਹ ਸਾਧ ਸੰਗਤ ਦਾ ਦਾਸ।

# ਪਹਿਲੇ ਤੋਲੋ, ਫਿਰ ਬੋਲੋ

**ਜ਼ਿੰਦਗੀ ਵਿੱਚ ਕਿਸੇ ਚੀਜ਼ ਤੋਂ ਡਰਨ ਦੀ ਬਜਾਏ ਉਸਨੂੰ ਸਮਝਣ ਦੀ ਜ਼ਿਆਦਾ ਜ਼ਰੂਰਤ ਹੈ। ਕਿਸੇ ਚੀਜ਼ ਯਾਂ ਗਲ ਦੀ ਜ਼ੋਰ ਨਾਲ ਛਾਪ ਲਗਾਉਣਾ ਤਾਕਤ ਦੀ ਨਿਸ਼ਾਨੀ ਨਹੀਂ ਬਲਕਿ ਸਹੀ ਢੰਗ ਨਾਲ ਛਾਪ ਲਗਾਉਣਾ ਯਾ ਨਿਸ਼ਾਨਾ ਕਰਨਾ, ਤਾਕਤ ਦੀ ਨਿਸ਼ਾਨੀ ਹੈ।**



'ਕਲਮ ਭੀ ਤੁਮਹਾਰਾ, ਜ਼ੁਬਾਂ ਭੀ ਤੁਮਹਾਰੀ,
ਜੋ ਕਹਿਤਾ ਹੂੰ, ਵੁਹ ਦਾਸਤਾਂ ਭੀ ਤੁਮਹਾਰੀ।'

ਗਲ ਬਾਤ-ਗੁਫਤਗੂ ਕਰਨੀ ਵੀ ਇੱਕ ਕਲਾ (ART) ਹੈ। ਸਭਤੋਂ ਪਹਿਲਾ, ਸੁਨਹਿਰੀ ਅਸੂਲ ਇੱਕ ਹੀ ਹੈ ਕਿ ਬੋਲਣ ਤੋਂ ਪਹਿਲਾਂ ਅੱਛੀ ਤਰ੍ਹਾਂ ਸੋਚੋ ਕਿ ਤੁਸੀਂ ਕੀ ਬੋਲਣਾ ਚਾਹੁੰਦੇ ਹੋ। ਫਿਰ ਬੋਲੋ, ਲੇਕਿਨ ਅੱਪਣੀ ਗਲ ਬਾਤ ਨੂੰ ਸੰਖੇਪ ਰੱਖੋ। ਬੋਲੋ ਘੱਟ, ਸੁਣੋ ਜ਼ਿਆਦਾ। ਸਾਰਿਆਂ ਨੂੰ ਵਾਰੋ-ਵਾਰੀ ਬੋਲਣ ਦਾ ਚਾਨਸ ਦਿਓ। ਅੱਪਣੀ ਗੱਲ ਮਨਵਾਉਣ ਦੀ ਕੋਸ਼ਿਸ਼ ਨਾ ਕਰੋ। ਜੇ ਉਸ ਵਿੱਚ ਵਜ਼ਨ ਹੋਵੇਗਾ, ਕੋਈ ਪੈਗਾਮ ਹੋਵੇਗਾ, ਸਾਰੇ ਸ਼ਾਂਤ ਹੋ ਕੇ ਖ਼ੁਦ ਹੀ ਸੁਣਨ ਲੱਗ ਜਾਣਗੇ। ਦੋਸਤ ਬਣਾਉਣ ਵਿੱਚ ਜਲਦਬਾਜ਼ੀ ਨਾ ਕਰੋ। ਪਹਿਲਾਂ ਕੁੱਝ ਚਿਰ ਉਸ ਨਾਲ ਚੱਲ ਕੇ ਦੇਖ ਲਓ ਫਿਰ ਆਹਿਸਤਾ-ਆਹਿਸਤਾ ਉਸਦੇ ਲਾਗੇ ਜਾਓ।

'ਤੋੜ ਪਹੁੰਚਦੇ, ਢਾਲ ਨੂੰ ਜਾਣ ਵਾਲੇ, ਨੇਕੀ ਨਿਮ੍ਰਤਾ, ਨਿਉਣ, ਨਿਰਮਾਣ ਸੇਵਾ।'

ਤੁਹਾਡੀ ਜ਼ਬਾਨ ਦਾ ਰਸ ਦੋਸਤ ਨੂੰ ਦੁਸ਼ਮਣ ਬਣਾ ਦਿੰਦਾ ਹੈ ਅਤੇ ਜ਼ਬਾਨ ਦਾ ਰਸ ਹੀ ਦੁਸ਼ਮਣ ਨੂੰ ਦੋਸਤ ਬਣਾ ਦਿੰਦਾ ਹੈ। ਆਪਾ ਗਾਲਣਾ ਪੈਂਦਾ ਹੈ ਰੁਤਬਾ ਪਾਉਣ ਵਾਸਤੇ।

ਸਾਨੂੰ ਵਕਤ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ। ਜੋ ਕੁੱਝ ਤੁਹਾਡੇ ਨਸੀਬ ਵਿੱਚ ਹੈ, ਓਨ੍ਹਾਂ ਹੀ ਮਿਲਦਾ ਹੈ। ਇੱਥੇ ਮੈਨੂੰ ਇੱਕ ਘਟਨਾ ਯਾਦ ਆ ਗਈ। ਇੱਕ ਕਿਤਾਬ ਛਪੀ। ਲੇਖਕ ਨੂੰ ਸੌ ਰੁਪਿਆ ਮਿਲਿਆ। ਕਿਤਾਬ ਛਾਪਣ ਵਾਲੇ ਨੂੰ ਦੋ ਸੌ ਰੁਪਿਆ ਮਿਲਿਆ। ਜਿਸਨੇ ਅਗਾਂਹ ਦੂਸਰਿਆਂ ਨੂੰ ਭੇਜੀਆਂ ਉਸਨੂੰ ਚਾਰ ਸੌ ਰੁਪਿਆ ਮਿਲਿਆ, ਚੌਥੇ ਆਦਮੀ ਨੂੰ 600 ਸੌ ਰੁਪਿਆ ਮਿਲਿਆ ਕਿਉਂਕਿ ਉਹ ਰੱਦੀ ਫਿਰੋਸ਼ (ਪੁਰਾਣੀਆਂ ਕਿਤਾਬਾਂ, ਕਾਪੀਆਂ ਵੇਚਣ ਵਾਲਾ) ਸੀ। ਇੱਕ ਜ਼ਮਾਨਾ ਸੀ ਅਸੀਂ ਇਹਨਾਂ ਕਾਪੀਆਂ-ਕਿਤਾਬਾਂ ਦੀ ਕਦਰ ਕਰਦੇ ਸੀ। ਹੁਣ ਸਭ ਕੁੱਝ 'ਇੰਟਰਨੈਟ' ਤੇ ਮਿਲ ਜਾਂਦਾ ਹੈ। ਲੇਖਕ ਨੂੰ ਅੰਤ ਵਿੱਚ ਕੁੱਝ ਵੀ ਨਹੀਂ ਮਿਲਦਾ। ਉਹ ਹਾਰਕੇ 'FREE' ਵੰਡਣ ਲਈ ਮਜ਼ਬੂਰ ਹੋ ਜਾਂਦਾ ਹੈ। ਪੁਰਾਣੀਆਂ ਕਦਰਾਂ-ਕੀਮਤਾਂ ਹੌਲੀ-ਹੌਲੀ ਅਲੋਪ ਹੋ ਰਹੀਆਂ ਹਨ। ਕੱਲ੍ਹ ਨੂੰ ਕੀ ਹੋਵੇਗਾ, ਕੁੱਝ ਕਿਹਾ ਨਹੀਂ ਜਾ ਸਕਦਾ।

ਕੁੱਝ ਹੋਰ ਗੱਲਾਂ ਜਿਹੜੀਆਂ ਧਿਆਨ ਵਿੱਚ ਰੱਖਣਯੋਗ ਹਨ :

ਤੁਸੀਂ ਆਪਣੇ ਵਿਰਸੇ ਬਾਰੇ ਭਾਵੇਂ ਜ਼ੁੰਮੇਵਾਰ ਨਾ ਹੋਵੋ ਲੇਕਿਨ ਤੁਸੀਂ ਅੱਪਨੇ ਭਵਿੱਖ ਬਾਰੇ ਜ਼ਰੂਰ ਜ਼ੁੰਮੇਵਾਰ ਹੋ। ਜਿਸ ਤਰ੍ਹਾਂ ਦਾ ਬੀਜ ਬੀਜੋਗੇ, ਉਸੇ ਤਰ੍ਹਾਂ ਦੀ ਹੀ ਫਸਲ ਪੈਦਾ ਹੋਵੇਗੀ। ਪੱਕੇ ਇਰਾਦੇ ਵਾਲੇ ਆਦਮੀ ਵਾਸਤੇ ਸਮਾਂ ਭੀ ਹੈ ਅਤੇ ਮੌਕਾ ਭੀ ਹੈ। ਦੁਨੀਆਂ ਸਾਡੀ ਕਲਪਨਾ ਦੀ ਇੱਕ ਮੋਟੇ, ਮਜ਼ਬੂਤ ਕੱਪੜੇ'ਤੇ ਬਣੀ ਤਸਵੀਰ ਹੈ। ਜਿਸ ਤਰ੍ਹਾਂ ਦਾ ਸਾਡਾ ਨਜ਼ਰੀਆ ਹੋਵੇਗਾ, ਉਸੇ ਤਰ੍ਹਾਂ ਦੀ ਹੀ ਤਸਵੀਰ ਦਿਖਾਈ ਦੇਵੇਗੀ। ਸਾਡੀ ਸੱਖਤ ਮਿਹਨਤ ਦਾ ਇਨਾਮ ਉਹ ਨਹੀਂ ਜੋ ਸਾਨੂੰ ਮਿਲਦਾ ਹੈ ਬਲਕਿ ਉਹ ਹੈ ਜੋ ਅਸੀਂ ਸੱਖਤ ਮਿਹਨਤ ਤੋਂ ਬਾਅਦ ਬਣਦੇ ਹਾਂ। ਸਾਡੇ ਸਬਰ ਦੀ ਪ੍ਰਾਪਤੀ ਸਾਡੀ ਤਾਕਤ ਨਾਲੋਂ ਜ਼ਿਆਦਾ ਹੁੰਦੀ ਹੈ। ਸਫਲਤਾ ਦਾ ਪਹਿਲਾ ਕਦਮ ਹੈ ਇਹ ਫੈਸਲਾ ਕਰਨਾ ਕਿ ਸਾਨੂੰ ਚਾਹੀਦਾ ਕੀ ਹੈ ? ਜਦੋਂ ਅਸੀਂ ਦੂਸਰਿਆਂ ਵਾਸਤੇ ਖ਼ੁਸ਼ੀ ਦੀ ਭਾਲ ਕਰਦੇ ਹਾਂ ਤਾਂ ਸਾਨੂੰ ਉਹੀ ਖ਼ੁਸ਼ੀ ਅੱਪਣੇ-ਆਪ ਵਿੱਚ ਵੀ ਮਹਿਸੂਸ ਹੁੰਦੀ ਹੈ। ਆਤਮ-ਵਿਸ਼ਵਾਸ਼ ਸਫਲਤਾ ਦੀ ਕੁੰਜੀ ਹੈ।

ਜ਼ਿੰਦਗੀ ਵਿੱਚ ਕਿਸੇ ਚੀਜ਼ ਤੋਂ ਡਰਨ ਦੀ ਬਜਾਏ ਉਸਨੂੰ ਸਮਝਣ ਦੀ ਜ਼ਿਆਦਾ ਜ਼ਰੂਰਤ ਹੈ। ਕਿਸੇ ਚੀਜ਼ ਯਾਂ ਗਲ ਦੀ ਜ਼ੋਰ ਨਾਲ ਛਾਪ ਲਗਾਉਣਾ ਤਾਕਤ ਦੀ ਨਿਸ਼ਾਨੀ ਨਹੀਂ ਬਲਕਿ ਸਹੀ ਢੰਗ ਨਾਲ ਛਾਪ ਲਗਾਉਣਾ ਯਾ ਨਿਸ਼ਾਨਾ ਕਰਨਾ, ਤਾਕਤ ਦੀ ਨਿਸ਼ਾਨੀ ਹੈ। ਤੁਸੀਂ ਕਿਸੇ ਆਦਮੀ ਨੂੰ ਕੁੱਝ ਸਿਖਾ ਨਹੀਂ ਸਕਦੇ, ਤੁਸੀਂ ਸਿਰਫ ਉਸ ਚੀਜ਼ ਨੂੰ ਉਹਦੇ ਆਪਣੇ ਵਿੱਚੋਂ ਲੱਭਣ ਲਈ ਉਸਦੀ ਸਹਾਇਤਾ ਕਰ ਸਕਦੇ ਹੋ। ਸਾਡੇ ਕੰਮ, ਕਾਰਨਾਮੇ ਫੈਸਲਾ ਕਰਦੇ ਹਨ ਕਿ ਅਸੀਂ ਕੀ ਹਾਂ ਅਤੇ ਜਿੰਨ੍ਹੇਂ ਪੱਕੇ ਇਰਾਦੇ ਨਾਲ ਅਸੀਂ ਕੋਈ ਕੰਮ ਕਰਾਂਗੇ, ਉਨ੍ਹੇਂ ਹੀ ਪੱਕੇ ਇਰਾਦੇ ਨਾਲ ਸਾਡੇ ਕੰਮ ਅਤੇ ਕਾਰਨਾਮੇ, ਸਾਡੇ ਸੁਭਾਅ ਦਾ ਨਿਸ਼ਚਾ ਕਰਨਗੇ।

'ਬੋਲ, ਤੋਲ ਕਰ ਬੋਲੀਏ, ਯਹੀ ਨੀਤੀ ਕੀ ਬਾਤ।
ਛੂਟੇ ਤੀਰ ਕਮਾਨ ਸੌਂ, ਫਿਰ ਨਾ ਆਵੈ ਹਾਥ।'

**ਪੇਸ਼ਕਸ਼ - ਆਨੰਦ।**

# ਕਾਂਗਰਸ ਦੀ ਹਾਰ ਤੋਂ ਬਾਅਦ ਪੈਰ ਪਿੱਛੇ ਖਿੱਚਣ ਲੱਗੇ ਦਿੱਗਜ ਨੇਤਾ

ਨਵੀਂ ਦਿੱਲੀ: ਭਾਰਤ ਦੇ ਚਾਰ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਦੌਰਾਨ ਮਿਲੀ ਹਾਰ ਤੋਂ ਬਾਅਦ ਕਾਂਗਰਸ ਨੂੰ ਜਿੱਥੇ ਲੋਕ ਸਭਾ ਚੋਣਾਂ 'ਚ ਨਰੇਂਦਰ ਮੋਦੀ ਖ਼ਿਲਾਫ਼ ਇੰਡੀਆ ਗਠਜੋੜ ਬਣਾਉਣ ਦੇ ਰੂਪ 'ਚ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਲੈ ਕੇ ਇੱਕ ਵੱਡਾ ਝਟਕਾ ਲੱਗਾ ਹੈ, ਉਥੇ ਹੀ ਦਿੱਗਜ ਨੇਤਾਵਾਂ ਨੇ ਵੀ ਪਾਰਟੀ ਤੋਂ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ ਹਨ ਜਿਸ ਦਾ ਸਬੂਤ ਕਾਂਗਰਸ ਦੁਆਰਾ ਸ਼ਨੀਵਾਰ ਨੂੰ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ 'ਚ ਕੀਤੀਆਂ ਗਈਆਂ ਨਿਯੁਕਤੀਆਂ ਦੇ ਰੂਪ 'ਚ ਸਾਹਮਣੇ ਆਇਆ ਹੈ।

ਮੱਧ ਪ੍ਰਦੇਸ਼ 'ਚ ਮੁੱਖ ਮੰਤਰੀ ਦੇ ਦਾਵੇਦਾਰ ਰਹੇ ਕਮਲ ਨਾਥ ਨੇ ਪ੍ਰਦੇਸ਼ ਕਾਂਗਰਸ ਪ੍ਰਧਾਨ ਦਾ ਅਹੁਦਾ ਛੱਡ ਦਿੱਤਾ ਹੈ ਅਤੇ ਨਾ ਹੀ ਉਹ ਵਿਰੋਧੀ ਧਿਰ ਦੇ ਨੇਤਾ ਬਣੇ ਹਨ ਜਿਸ ਦੇ ਸੰਕੇਤ ਉਨ੍ਹਾਂ ਨੇ ਵਿਧਾਇਕ ਦਲ ਦੀ ਬੈਠਕ 'ਚ ਸ਼ਾਮਿਲ ਨਾ ਹੋ ਕੇ ਦਿੱਤੇ ਸਨ।

ਇਸੇ ਤਰ੍ਹਾਂ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਨੇ ਵੀ ਪ੍ਰਦੇਸ਼ ਕਾਂਗਰਸ ਪ੍ਰਧਾਨ ਦੇ ਨਾਲ-ਨਾਲ ਵਿਰਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਵੀ ਅਸਤੀਫ਼ਾ ਦੇ ਦਿੱਤਾ ਹੈ ਹਾਲਾਂਕਿ ਉਕਤ ਦੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੇਂਤਰੀ ਰਾਜਨੀਤੀ 'ਚ ਜਾਣ ਦੀ ਗੱਲ ਕਹੀ ਜਾ ਰਹੀ ਹੈ ਪਰ ਇਸ ਵਿੱਚਕਾਰ ਸਭ ਦੀਆਂ ਨਜ਼ਰਾਂ ਰਾਜਸਥਾਨ 'ਤੇ ਟਿਕੀਆਂ ਹੋਈਆਂ ਹਨ ਜਿੱਥੇ 5 ਦਸੰਬਰ ਨੂੰ ਵਿਧਾਇਕ ਦਲ ਦੀ ਬੈਠਕ ਤੋਂ ਬਾਅਦ 9 ਦਸੰਬਰ ਨੂੰ ਪਾਰਟੀ ਨੇਤਾਵਾਂ ਦੀ ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ ਦੇ ਨਾਲ ਬੈਠਕ ਹੋਣ ਨੂੰ ਲੈ ਕੇ ਅਜੇ ਤਕ ਪ੍ਰਦੇਸ਼ ਕਾਂਗਰਸ ਪ੍ਰਧਾਨ ਅਤੇ ਵਿਰੋਧੀ ਨੇਤਾਵਾਂ ਨੂੰ ਲੈ ਕੇ ਕੋਈ ਫ਼ੈਸਲਾ ਨਹੀਂ ਕੀਤਾ ਗਿਆ।

# ਮੇਰੀ ਕਹਾਣੀ



**ਕਿਸ਼ਤ 253**

**ਗੁਰਮੇਲ ਸਿੰਘ ਭੰਵਰਾ**

ਲਿਜ਼ਬਨ ਦੀ ਯਾਤਰਾ ਇੱਕ ਯਾਦਗਾਰ ਯਾਤਰਾ ਹੋ ਗਈ। ਇਸ ਯਾਤਰਾ ਦੌਰਾਨ ਇੰਨਾ ਕੁਛ ਦੇਖਣ ਨੂੰ ਮਿਲਿਆ ਕਿ ਹੁਣ ਤਕ ਮੇਰੀਆਂ ਅਖਾਂ ਸਾਹਮਣੇ ਹੈ। ਕੌਰਕ ਦੇ ਦਰਖਤ ਵਾਰੇ ਤਾਂ ਸਾਰੀ ਜਿੰਦਗੀ ਜਾਣਿਆ ਹੀ ਨਹੀਂ ਸੀ। ਇਸ ਤੋਂ ਵੱਡੀ ਗੱਲ ਸੀ ਵਾਸਕੋਡੇਗਾਮਾ ਦੀ ਉਹ ਜਗ੍ਹਾ ਜਿਥੋਂ ਉਸ ਨੇ ਭਾਰਤ ਦੀ ਯਾਤਰਾ ਲਈ ਸ਼ਿਪ ਚਲਾਇਆ ਸੀ। ਰਾਤ ਨੂੰ ਬਹੁਤ ਲੇਟ ਆਏ ਸੀ। ਸਵੇਰੇ ਦਸ ਕੁ ਵਜੇ ਉਠੇ ਅਤੇ ਚਾਹ ਵਾਸਤੇ ਗੈਸ ਉੱਤੇ ਕੈਟਲ ਰਖ ਦਿੱਤੀ। ਜਸਵੰਤ ਅਤੇ ਗਿਆਨੋ ਭੈਣ ਭੀ ਸਾਡੇ ਕਮਰੇ ਵਿਚ ਆ ਗਏ ਅਤੇ ਆਉਂਦੇ ਹੀ ਲਿਜ਼ਬਨ ਦੀਆਂ ਗੱਲਾਂ ਕਰਨ ਲੱਗੇ। ਜਸਵੰਤ ਕਹਿਣ ਲੱਗਾ, ਮਾਮਾ ਕੱਲ ਤਾਂ ਮਜ਼ਾ ਹੀ ਆ ਗਿਆ, ਪੁਰਤਗਾਲ ਦੇ ਇਤਹਾਸ ਨੇ ਤਾਂ ਅੱਖਾਂ ਹੀ ਖੋਲ੍ਹ ਦਿੱਤੀਆਂ। ਮੈਂ ਕਿਹਾ, " ਜਸਵੰਤ ! ਗੋਰੇ ਐਵੇਂ ਨਹੀਂ ਹੌਲੀਡੇ ਤੁਰੇ ਰਹਿੰਦੇ, ਇਸ ਨਾਲ ਜਾਣਕਾਰੀ ਬਹੁਤ ਵਧਦੀ ਹੈ, ਅਸੀਂ ਤਾਂ ਸਾਰੀ ਜਿੰਦਗੀ ਵਿਆਹਾਂ ਸ਼ਾਦੀਆਂ ਅਤੇ ਲੈਣ ਦੇਣ ਦੇ ਕੰਮਾਂ ਵਿਚ ਹੀ ਗੁਜ਼ਾਰ ਦਿੰਦੇ ਹਾਂ " ਜਸਵੰਤ ਬੋਲਿਆ, " ਮਾਮਾ ! ਮੈਂ ਤਾਂ ਬਿਦੇਸ਼ ਤੁਰਿਆ ਹੀ ਰਹਿੰਦਾ ਹਾਂ ਅਤੇ ਬਹੁਤ ਕੁਛ ਦੇਖਿਆ ਹੈ " ਚਾਹ ਬਣ ਗਈ ਸੀ ਅਤੇ ਪੀਣ ਲੱਗੇ। ਗੱਲਾਂ ਕਰਦੇ ਕਰਦੇ ਅੱਜ ਦੇ ਬ੍ਰੇਕਫਾਸਟ ਵਾਰੇ ਭੀ ਸਲਾਹ ਕਰਨ ਲੱਗੇ ਕਿ ਅੱਜ ਕੀ ਖਾਧਾ ਜਾਵੇ। ਕੁਲਵੰਤ ਕਹਿਣ ਲੱਗੀ ਕਿ ਬਾਹਰ ਦਾ ਖਾਂਦੇ ਖਾਂਦੇ ਮਨ ਉੱਭ ਜਿਹਾ ਗਿਆ ਹੈ, ਜੇ ਖਿਆਲ ਹੋਵੇ ਤਾਂ ਅੱਜ ਪਰੌਠੇ ਬਣਾ ਲਈਏ। ਪਰੌਠਿਆਂ ਦਾ ਨਾਂ ਸੁਣ ਕੇ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ ਅਤੇ ਝੱਟ ਦੇਣੀ ਸਹਿਮਤੀ ਹੋ ਗਈ। ਕਾਹਦੇ ਬਣਾਏ ਜਾਣ ਜਦ ਸਲਾਹ ਕਰਨ ਲੱਗੇ ਤਾਂ ਮੇਰੇ ਮੂੰਹੋਂ ਨਿਕਲ ਗਿਆ, " ਪਰੌਠੇ ਤੇ ਭਾਵੇਂ ਘਾਅ ਦੇ ਬਣਾ ਲਉ, ਸਵਾਦ ਹੀ ਲਗਣਗੇ ", ਹਸਦੇ ਹਸਦੇ ਆਲੂ ਅਤੇ ਪਿਆਜ਼ ਵਾਲੇ ਪਰੌਠੇ ਬਣਾਉਣ ਤੇ ਸਹਿਮਤੀ ਹੋ ਗਈ। ਮੈਂ ਕਿਹਾ ਕਿ ਤਵਾ ਤਾਂ ਸਾਡੇ ਪਾਸ ਹੈ ਨਹੀਂ ਤਾਂ ਕੁਲਵੰਤ ਬੋਲੀ ਕਿ ਉਸ ਦੀ ਕੋਈ ਸਮੱਸਿਆ ਨਹੀਂ ਹੈ, ਫ੍ਰਾਈ ਪੈਨ ਵਿਚ ਬਣ ਜਾਣਗੇ। ਕੁਛ ਦੇਰ ਬਾਅਦ ਮੈਂ ਅਤੇ ਜਸਵੰਤ ਬਾਹਰ ਨੂੰ ਆਲੂ ਪਿਆਜ਼ ਲੈਣ ਲਈ ਤੁਰ ਪਏ। ਗਰੌਸਰੀ ਸਟੋਰ ਨੇੜੇ ਹੀ ਸੀ ਜੋ ਛੋਟਾ ਜਿਹਾ ਹੀ ਸੀ। ਸਟੋਰ ਵਿਚ ਜਾ ਕੇ ਦੋਵਾਂ ਨੇ ਸ਼ੌਪਿੰਗ ਬਾਸਕਿਟਾਂ ਲਈਆਂ ਅਤੇ ਲੋੜ ਮੁਤਾਬਕ ਗਰੌਸਰੀ ਪਾਉਣ ਲੱਗੇ। ਇੱਕ ਖੂੰਜੇ ਵਿਚ ਛੋਟਾ ਜਿਹਾ ਮੀਟ ਸੈਕਸ਼ਨ ਸੀ। ਮੀਟ ਵਲ ਦੇਖ ਕੇ ਜਸਵੰਤ ਬੋਲਿਆ, " ਮਾਮਾ ! ਕੀ ਵਿਚਾਰ ਹੈ, ਅੱਜ ਜਾਂ ਕਿਸੇ ਹੋਰ ਦਿਨ ਮੀਟ ਚਾਵਲ ਦਾ ਪ੍ਰੋਗਰਾਮ ਭੀ ਬਣਾਈਏ ! ", ਮੈਂ ਕਿਹਾ ਕਿ ਮਸਾਲੇ ਤਾਂ ਸਾਡੇ ਕੋਲ ਹੀ ਹਨ, ਮੀਟ ਭੀ ਬਣਾ ਲੈਂਦੇ ਹਾਂ ", ਜਦ ਉਸ ਕਾਊਂਟਰ ਤੇ ਗਏ ਤਾਂ ਇੱਕ ਪੁਰਤਗੇਜ਼ ਗੋਰੀ ਖੜ੍ਹੀ ਸੀ, ਮੀਟ ਤਾਂ ਉਥੇ ਤਰਾਂ ਤਰਾਂ ਦਾ ਸੀ ਲੇਕਿਨ ਚਿਕਨ ਸਾਡੀ ਲੋੜ ਮੁਤਾਬਕ ਕੱਟਿਆ ਹੋਇਆ ਨਹੀਂ ਸੀ। ਜਦ ਜਸਵੰਤ ਉਹਦੇ ਨਾਲ ਬੋਲਣ ਲੱਗਾ ਤਾਂ ਉਹਨੂੰ ਅੰਗਰੇਜ਼ੀ ਨਹੀਂ ਆਉਂਦੀ ਸੀ। ਜਸਵੰਤ ਨੇ ਉਸ ਨੂੰ ਇਛਾਰੇ ਨਾਲ ਸਮਝਾਇਆ ਤਾਂ ਉਹ ਹੱਸ ਪਈ ਅਤੇ ਚਿਕਨ ਦੀ ਸਕਿੱਨ ਲ੍ਹਾਉਣ ਲੱਗੀ। ਕੱਟ ਕੇ ਉਸ ਨੇ ਸਾਨੂੰ ਫੜਾ ਦਿੱਤਾ। ਦੋ ਝੋਲ੍ਹੇ ਭਰ ਕੇ ਅਸੀਂ ਕਮਰੇ ਵਿਚ ਆ ਗਏ। ਕੁਲਵੰਤ ਅਤੇ ਗਿਆਨੋ ਭੈਣ ਪਰੌਠਿਆਂ ਦੀ ਤਿਆਰੀ ਵਿਚ ਰੁਝ ਗਈਆਂ, ਆਲੂ ਉਬਲ੍ਹਣੇ ਰੱਖ ਦਿੱਤੇ ਗਏ ਅਤੇ ਪਿਆਜ਼ ਕੱਟਣੇ ਸ਼ੁਰੂ ਹੋ ਗਏ। ਇੱਕ ਗੱਲ ਅਸੀਂ ਬਹੁਤ ਚੰਗੀ ਕੀਤੀ ਸੀ ਕਿ ਇੰਗਲੈਂਡ ਤੋਂ ਚੱਲਣ ਲੱਗੇ ਇੱਕ ਕਿਲੋ ਆਟਾ, ਕੁਛ ਚਾਵਲ ਅਤੇ ਥੋੜ੍ਹੇ ਜਿਹੇ ਮਸਾਲੇ ਲੈ ਆਏ ਸੀ।

ਕੁਛ ਸਮੇ ਵਿਚ ਹੀ ਪਰੌਠੇ ਬਣ ਗਏ ਅਤੇ ਬਟਰ ਨਾਲ ਖਾਣ ਲੱਗੇ। ਪਰੌਠਿਆਂ ਦਾ ਆਪਣਾ ਹੀ ਇੱਕ ਮਜ਼ਾ ਹੁੰਦਾ ਹੈ। ਇਸ ਦੇ ਅੱਗੇ ਦੁਨੀਆਂ ਦੇ ਸਾਰੇ ਖਾਣੇ ਬੌਣੇ ਲਗਦੇ ਹਨ। ਇਸ ਵਿਚ ਵਾਧਾ ਇਹ ਹੈ ਕਿ ਇਹਨਾਂ ਵਿਚ ਜੋ ਮਰਜ਼ੀ ਭਰ ਲਵੋ ਬਲਕਿ ਫਿੱਕੇ ਭੀ ਬਣਾ ਲਵੋ ਤਾਂ ਅਚਾਰ ਚਾਹ ਨਾਲ ਹੀ ਅਨੰਦ ਆ ਜਾਂਦਾ ਹੈ। ਪੱਛਮੀ ਦੇਸ਼ਾਂ ਵਿਚ ਜੰਮੇ ਬੱਚੇ ਭਾਵੇਂ ਦਾਲ੍ਹ ਰੋਟੀ ਨੂੰ ਨੱਕ ਬੁੱਲ੍ਹ ਟੇਰਨ ਪਰ ਪਰੌਠਿਆਂ ਨੂੰ ਟੁੱਟ ਕੇ ਪੈ ਜਾਂਦੇ ਹਨ। ਖਾਂਦੇ ਖਾਂਦੇ ਅਸੀਂ ਗੱਲਾਂ ਭੀ ਕਰੀ ਜਾ ਰਹੇ ਸੀ, ਮਜ਼ਾ ਆ ਗਿਆ ਮਜ਼ਾ ਆ ਗਿਆ ਬੋਲ ਰਹੇ ਸੀ। ਹਰ ਦੇਸ਼ ਵਿਚ ਖਾਣੇ ਤਾਂ ਤਰਾਂ ਤਰਾਂ ਦੇ ਹੁੰਦੇ ਹਨ ਪਰ ਇੱਕ ਚੀਜ਼ ਜਰੂਰ ਐਸੀ ਹੁੰਦੀ ਹੈ ਜੋ ਸਭ ਦੀ ਫੇਵਰਿਟ ਹੁੰਦੀ ਹੈ। ਇੰਗਲੈਂਡ ਵਿਚ ਫਿਸ਼ ਐਂਡ ਚਿਪਸ ਸਭ ਦੀ ਫੇਵਰਿਟ ਹੈ। ਕਿਸੇ ਭੀ ਫਿਸ਼ ਐਂਡ ਚਿੱਪ ਦੀ ਦੁਕਾਨ ਤੋਂ ਦੂਰ ਦੂਰ ਤਕ ਮਹਿਕ ਆਉਂਦੀ ਹੈ। ਵੈਸੇ ਤਾਂ ਸਾਰਾ ਦਿਨ ਹੀ ਇਹਨਾਂ ਦੁਕਾਨਾਂ ਤੇ ਲਾਈਨ ਲੱਗੀ ਰਹਿੰਦੀ ਹੈ ਪਰ ਸ਼ੁਕਰਵਾਰ ਦਾ ਦਿਨ ਗੋਰਿਆਂ ਵਾਸਤੇ ਫਿਸ਼ ਚਿਪਸ ਖਾਣ ਦਾ ਸਪੈਸ਼ਲ ਦਿਨ ਹੁੰਦਾ ਹੈ, ਇਸ ਦਿਨ ਦੁਕਾਨਾਂ ਤੇ ਲਾਈਨ ਖਤਮ ਨਹੀਂ ਹੁੰਦੀ। ਅਤੇ ਅੱਜ ਅਸੀਂ ਪੁਰਤਗਾਲ ਵਿਚ ਬੈਠੇ ਆਪਣਾ ਪਰੌਠਿਆਂ ਦਾ ਸਪੈਸ਼ਲ ਬ੍ਰੇਫਾਸਟ ਕਰ ਰਹੇ ਸੀ। ਗੱਲਾਂ ਕਰਦੇ ਕਰਦੇ ਫਿਰ ਲਿਜ਼ਬਨ ਦੀ ਗੱਲ ਸ਼ੁਰੂ ਹੋ ਗਈ। ਗੱਲ ਤਾਂ ਚੈਸਟ ਨਟਾਂ ਤੋਂ ਸ਼ੁਰੂ ਹੋਈ ਕਿ ਇਹਨਾਂ ਦਾ ਸਵਾਦ ਕੁਛ ਕੁਛ ਸੰਘਾੜਿਆਂ ਵਰਗਾ ਸੀ ਅਤੇ ਕੁਛ ਕੁਛ ਅਫ਼੍ਰੀਕਨ ਮੋਘੋ ਵਰਗਾ ਸੀ ਪਰ ਇਹ ਇੱਕ ਐਸੀ ਗੱਲ ਤੇ ਆ ਕੇ ਟਿਕ ਗਈ ਜਿਸ ਨਾਲ ਸਭ ਨੂੰ ਚੈਸਟ ਨਟ ਅਤੇ ਪਰੌਠਿਆਂ ਦੇ ਬ੍ਰੇਕਫਾਸਟ ਦਾ ਸਵਾਦ ਭੁੱਲ ਗਿਆ। ਹੁਣ ਸਾਰੇ ਭਾਵੁਕ ਹੋ ਗਏ ਸੀ। ਗੱਲ ਇਹ ਸੀ ਕਿ ਉਥੇ ਨੇੜੇ ਹੀ ਪੁਰਤਗਾਲ ਸੁਕੇਅਰ ਵਿਚ ਇੱਕ ਦੀਵਾਰ ਨਾਲ ਇੱਕ ਪੁਰਤਗੇਜ਼ ਬੈਠਾ ਸੀ। ਉਸ ਦਾ ਮੂੰਹ ਅਤੇ ਸ਼ਕਲ ਦੱਸਣ ਨੂੰ ਭੀ ਮਨ ਵਿਚ ਇੱਕ ਤਕਲੀਫ ਜਿਹੀ ਹੁੰਦੀ ਹੈ। ਮਨ ਕਰੜਾ ਕਰਕੇ ਉਸ ਦੀ ਹਾਲਤ ਨੂੰ ਮੈਂ ਬਿਆਨ ਕਰਾਂਗਾ। ਉਸ ਦਾ ਮੂੰਹ ਹਾਥੀ ਦੇ ਸੁੰਡ ਵਰਗਾ ਸੀ। ਸਿਰਫ ਸ਼ਰੀਰ ਤੋਂ ਹੀ ਉਹ ਪਹਿਚਾਣ ਹੁੰਦਾ ਸੀ ਕਿ ਉਹ ਇੱਕ ਮਨੁੱਖ ਸੀ ਵਰਨਾ ਮੂੰਹ ਬਿਲਕੁਲ ਹਾਥੀ ਵਰਗਾ ਸੀ। ਉਸ ਦਾ ਨੱਕ ਦਿਸ ਹੀ ਨਹੀਂ ਰਿਹਾ ਸੀ ਅਤੇ ਅੱਖਾਂ ਉੱਤੇ ਇੰਨਾ ਮਾਸ ਚੜ੍ਹਿਆ ਹੋਇਆ ਸੀ ਕਿ ਕੁਛ ਦੇਖਣ ਵਾਸਤੇ ਉਸ ਨੂੰ ਅੱਖਾਂ ਉਤੋਂ ਮਾਸ ਉਤਾਂਹ ਚੁੱਕਣਾ ਪੈਂਦਾ ਸੀ। ਜਦ ਉਹ ਕੁਛ ਖਾਂਦਾ ਤਾਂ ਪਹਿਲਾਂ ਸਾਰੇ ਮਾਸ ਨੂੰ ਇੱਕ ਹੱਥ ਨਾਲ ਚੁੱਕਦਾ ਅਤੇ ਫਿਰ ਥੱਲਿਓਂ ਦੀ ਮੂੰਹ ਵਿਚ ਬੁਰਕੀ ਪਾਉਂਦਾ ਜਿਸ ਤਰਾਂ ਹਾਥੀ ਆਪਣੀ ਸੁੰਡ ਨਾਲ ਮੂੰਹ ਵਿਚ ਪਾਉਂਦਾ ਹੈ ।ਐਸਾ ਇਨਸਾਨ ਪਹਿਲੀ ਵਾਰ ਸਭ ਨੇ ਦੇਖਿਆ ਸੀ। ਉਹਨੂੰ ਦੇਖ ਕੇ ਸਭ ਦਾ ਮਨ ਰੋਣ ਨੂੰ ਹੋ ਉੱਠਦਾ ਸੀ। ਉਸ ਦੇ ਅੱਗੇ ਲੋਕ ਕੁਛ ਸੈਂਟ ਰੱਖ ਕੇ ਜਾ ਰਹੇ ਸੀ। ਉਸ ਨੂੰ ਦੇਖ ਕੇ ਕੁਲਵੰਤ ਤਾਂ ਰੋਣ ਲੱਗ ਪਈ ਅਤੇ ਉਸ ਦੇ ਮੋਹਰੇ ਪੰਜ ਯੂਰੋ ਰੱਖ ਦਿੱਤੇ। ਜਦ ਅਸੀਂ ਉਥੋਂ ਚਲ ਤੁਰੇ ਤਾਂ ਕੁਲਵੰਤ ਫਿਰ ਪਿਛੇ ਮੁੜ ਆਈ ਅਤੇ ਪੰਜ ਯੂਰੋ ਉਸ ਦੇ ਅੱਗੇ ਹੋਰ ਰੱਖ ਦਿੱਤੇ। ਇਸ ਨਾਲ ਉਸ ਦਾ ਕਸ਼ਟ ਤਾਂ ਹਟ ਨਹੀਂ ਸੀ ਸਕਦਾ ਪਰ ਇਹ ਕਿਸੇ ਦੇ ਪ੍ਰਤੀ ਇੱਕ ਵੇਦਨਾ ਹੀ ਸੀ।

ਗਿਆਨੋ ਭੈਣ ਕਹਿਣ ਲੱਗੀ ਕਿ ਇਹ ਤਾਂ ਕੋਈ ਪਿਛਲੇ ਜਨਮ ਦਾ ਲੇਖਾ ਜੋਖਾ ਹੋਵੇਗਾ। ਕੁਲਵੰਤ ਬੋਲੀ, ਐਸੀ ਜ਼ਿੰਦਗੀ ਨਾਲੋਂ ਤਾਂ ਮੌਤ ਹੀ ਅੱਛੀ ਹੈ, ਪਤਾ ਨਹੀਂ ਉਸ ਨੇ ਕਿਹੜੇ ਕੁਕਰਮ ਕੀਤੇ ਹੋਣਗੇ। ਫਿਰ ਜਸਵੰਤ ਕਹਿਣ ਲੱਗਾ ਕਿ ਉਸ ਨੂੰ ਹਸਪਤਾਲ ਵਿਚ ਕੰਮ ਕਰਦਿਆਂ ਇੰਨੇ ਸਾਲ ਹੋ ਗਏ ਹਨ ਪਰ ਇਹੋ ਜਿਹਾ ਕੇਸ ਕਦੇ ਨਹੀਂ ਦੇਖਿਆ ਸੀ। ਫਿਰ ਉਹ ਕਹਿਣ ਲੱਗਾ ਕਿ ਦਰਅਸਲ ਵਿਚ ਇਹ ਇੱਕ ਟਿਊਮਰ ਹੈ ਜਿਸ ਦਾ ਕੋਈ ਇਲਾਜ ਨਹੀਂ। ਅਸਥਾਈ ਇਲਾਜ ਔਪ੍ਰੇਸ਼ਨ ਹੀ ਹੈ ਪਰ ਇਹ ਟਿਊਮਰ ਫਿਰ ਤੋਂ ਵਧਣਾ ਸ਼ੁਰੂ ਹੋ ਜਾਂਦਾ ਹੈ। ਐਸੇ ਟਿਊਮਰ ਦੇ ਔਪ੍ਰੇਸ਼ਨ ਲਈ ਖਰਚਾ ਬਹੁਤ ਆਉਂਦਾ ਹੈ ਅਤੇ ਇਹ ਸੀਰੀਅਸ ਭੀ ਬਹੁਤ ਹੁੰਦਾ ਹੈ। ਜਦ ਅਸੀਂ ਉਸ ਇਨਸਾਨ ਨੂੰ ਦੇਖਿਆ ਸੀ ਤਾਂ ਸਾਡੇ ਵਾਸਤੇ ਇਹ ਇੱਕ ਗੱਲ ਹੀ ਸੀ ਪਰ ਕੁਛ ਸਾਲ ਹੋਏ ਬੀ ਬੀ ਸੀ ਤੇ ਇੱਕ ਡਾਕੂਮੈਂਟਰੀ ਦੇਖੀ ਸੀ ਜਿਸਦਾ ਨਾਂ ਹੀ ਐਲੀਫੈਂਟ ਮੈਂਨ ਸੀ। ਸ਼ਾਇਦ ਇਹ ਥਾਈਲੈਂਡ ਦਾ ਇੱਕ ਕੇਸ ਸੀ ਜਿਥੇ ਇੱਕ ਗਰੀਬ ਪ੍ਰੀਵਾਰ ਦਾ ਇੱਕ ਆਦਮੀ ਸੀ। ਇਸ ਦਾ ਮੂੰਹ ਭੀ ਹਾਥੀ ਵਰਗਾ ਹੀ ਸੀ ਅਤੇ ਇਸ ਦਾ ਔਪ੍ਰੇਸ਼ਨ ਹੁੰਦਾ ਦਿਖਾਇਆ ਸੀ। ਅੱਜ ਤਾਂ ਯੂ ਟਿਊਬ ਤੇ ਆਮ ਹੀ ਇਹ ਔਪ੍ਰੇਸ਼ਨ ਹੁੰਦੇ ਦਿਖਾਂਦੇ ਹਨ। ਖੈਰ, ਕੁਛ ਦੇਰ ਬਾਅਦ ਗਿਆਨੋ ਭੈਣ ਅਤੇ ਜਸਵੰਤ ਕਪੜੇ ਬਦਲਣ ਵਾਸਤੇ ਆਪਣੇ ਕਮਰੇ ਵਿਚ ਚਲੇ ਗਏ ਅਤੇ ਅਸੀਂ ਬਾਹਰ ਨੂੰ ਜਾਣ ਦੀ ਤਿਆਰੀ ਵਿਚ ਰੁਝ ਗਏ। ਚਲਦਾ..............

# ਪੁੱਠੇ ਕੰਮ

**ਨਿਰਮਲ ਸਿੰਘ ਕੰਧਾਲਵੀ**

ਹਾਈ ਸਕੂਲ 'ਚ ਪੜ੍ਹਦਿਆਂ ਹੀ ਗੁਰਦੇਵ ਸਿੰਘ ਨੇ ਅਧਿਆਪਕ ਬਣਨ ਦਾ ਮਨ ਬਣਾ ਲਿਆ ਸੀ। ਅਸਲ 'ਚ ਹੋਇਆ ਇੰਜ ਕਿ ਪ੍ਰਾਇਮਰੀ ਤੋਂ ਹਾਈ ਸਕੂਲ 'ਚ ਜਦੋਂ ਉਹ ਦਾਖਲ ਹੋਇਆ ਤਾਂ ਉਸੇ ਸਾਲ ਹੀ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਇਕ ਅਧਿਆਪਕ ਦੀ ਨਿਯੁਕਤੀ ਹੋਈ ਜਿਸ ਦਾ ਨਾਮ ਸੀ ਗਿਆਨੀ ਲਾਲ ਸਿੰਘ। ਗਿਆਨੀ ਲਾਲ ਸਿੰਘ ਦੀ ਸ਼ਖ਼ਸੀਅਤ ਹੀ ਐਸੀ ਸੀ ਕਿ ਉਸ ਨੇ ਕੁਝ ਦਿਨਾਂ ਵਿਚ ਹੀ ਬੱਚਿਆਂ ਅਤੇ ਸਾਥੀ ਅਧਿਆਪਕਾਂ ਦੇ ਦਿਲਾਂ 'ਚ ਆਪਣੀ ਥਾਂ ਬਣਾ ਲਈ। ਬੱਚੇ ਤਾਂ ਪੰਜਾਬੀ ਦੇ ਪੀਰੀਅਡ ਨੂੰ ਉਡੀਕਦੇ ਰਹਿੰਦੇ। ਗਿਆਨੀ ਲਾਲ ਸਿੰਘ ਹੋਰੀਂ ਕਿਤਾਬੀ ਵਿਦਿਆ ਦੇ ਨਾਲ਼ ਨਾਲ਼ ਬੱਚਿਆਂ ਨੂੰ ਜੀਵਨ ਜਿਊਣ ਦੀ ਪੜ੍ਹਾਈ ਵੀ ਕਰਵਾਉਂਦੇ। ਨਿੱਕੀਆਂ ਨਿੱਕੀਆਂ ਕਹਾਣੀਆਂ, ਹਾਸੇ-ਠੱਠੇ ਨਾਲ਼ ਭਰਪੂਰ ਟੋਟਕਿਆਂ ਨਾਲ਼ ਉਹ ਬੱਚਿਆਂ ਨੂੰ ਸਿੱਖਿਆਦਾਇਕ ਗੱਲਾਂ ਸਮਝਾ ਜਾਂਦੇ। ਜੀਵਨ ਵਿਚ ਵਿਦਿਆ ਦਾ ਮਕਸਦ ਉਹਨਾਂ ਨੂੰ ਸਮਝਾਉਂਦੇ।

ਭਾਰਤ ਦੇ ਰਾਸ਼ਟਰਪਤੀ ਸਰਵਪੱਲੀ ਰਾਧਾਕ੍ਰਿਸ਼ਨਨ ਨਾਲ ਵਾਪਰੀ ਇਕ ਘਟਨਾ ਦਾ ਜ਼ਿਕਰ ਉਹ ਆਮ ਹੀ ਕਰਿਆ ਕਰਦੇ ਸਨ ਕਿ ਜਦੋਂ ਉਹ ਇਕ ਵਾਰ ਕਿਸੇ ਅਰਬ ਦੇਸ਼ ਦੇ ਦੌਰੇ 'ਤੇ ਗਏ ਤਾਂ ਉੱਥੋਂ ਦਾ ਰਾਜਾ ਖ਼ੁਦ ਰਾਸ਼ਟਰਪਤੀ ਨੂੰ ਲੈਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ। ਜਦੋਂ ਰਾਜੇ ਦੇ ਅਹਿਲਕਾਰਾਂ ਨੇ ਪੁੱਛਿਆ ਕਿ ਜਦੋਂ ਹੋਰ ਦੇਸ਼ਾਂ ਦੇ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਆਉਂਦੇ ਹਨ ਤਾਂ ਉਦੋਂ ਉੱਚ ਅਹਿਲਕਾਰ ਹੀ ਉਹਨਾਂ ਨੂੰ ਲੈਣ ਜਾਂਦੇ ਹਨ ਪਰ ਭਾਰਤ ਦੇ ਰਾਸ਼ਟਰਪਤੀ ਨੂੰ ਉਹ ਖ਼ੁਦ ਕਿਉਂ ਲੈਣ ਗਏ ? ਰਾਜੇ ਨੇ ਜਵਾਬ ਦਿਤਾ ਕਿ ਉਸ ਵਾਸਤੇ ਰਾਧਾ ਕ੍ਰਿਸ਼ਨਨ ਜੀ ਰਾਸ਼ਟਰਪਤੀ ਬਾਅਦ 'ਚ ਹਨ ਪਹਿਲਾਂ ਉਹ ਉਸ ਦੇ ਅਧਿਆਪਕ ਹਨ ਕਿਉਂਕਿ ਰਾਜ-ਗੱਦੀ ਸੰਭਾਲਣ ਤੋਂ ਪਹਿਲਾਂ ਉਹ ਭਾਰਤ ਵਿਚ ਰਾਧਾਕ੍ਰਿਸ਼ਨਨ ਜੀ ਦੇ ਵਿਦਿਆਰਥੀ ਰਹੇ ਸਨ। ਗਿਆਨੀ ਜੀ ਵਿਦਿਆਰਥੀਆਂ ਨੂੰ ਅਧਿਆਪਕਾਂ ਤੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਬਾਰੇ ਦੱਸਦੇ।

ਗੁਰਦੇਵ ਜਿੱਥੇ ਪੜ੍ਹਨ 'ਚ ਹੁਸ਼ਿਆਰ ਸੀ ਉੱਥੇ ਉਹ ਸੁਭਾਅ ਦਾ ਵੀ ਬਹੁਤ ਮਿੱਠਬੋਲੜਾ ਸੀ। ਗਿਆਨੀ ਲਾਲ ਸਿੰਘ ਦਾ ਉਹ ਚਹੇਤਾ ਸ਼ਾਗਿਰਦ ਬਣ ਗਿਆ। ਗਿਆਨੀ ਲਾਲ ਸਿੰਘ ਨੇ ਹੀ ਉਸ ਦੇ ਦਿਲ ਵਿਚ ਅਧਿਆਪਕ ਬਣਨ ਦੇ ਬੀਅ ਬੀਜ ਦਿਤੇ ਸਨ। ਗੁਰਦੇਵ ਪੜ੍ਹਾਈ 'ਚ ਮੱਲਾਂ ਮਾਰਦਾ ਮਾਰਦਾ ਬਹੁਤ ਵਧੀਆ ਨੰਬਰਾਂ 'ਚ ਬੀ.ਏ. ਪਾਸ ਕਰ ਗਿਆ ਤੇ ਉਸ ਨੇ ਬੀ.ਐੱਡ. 'ਚ ਦਾਖਲਾ ਲੈ ਲਿਆ। ਬੀ.ਐੱਡ. ਕਰ ਕੇ ਉਸ ਨੂੰ ਜਲਦੀ ਹੀ ਇਕ ਸਰਕਾਰੀ ਸਕੂਲ 'ਚ ਅਧਿਆਪਕ ਦੀ ਨੌਕਰੀ ਮਿਲ ਗਈ। ਹੁਣ ਸਾਰੇ ਉਸ ਨੂੰ ਮਾਸਟਰ ਗੁਰਦੇਵ ਸਿੰਘ ਦੇ ਨਾਮ ਨਾਲ਼ ਜਾਣਦੇ ਸਨ। ਹਰ ਵੇਲੇ ਗਿਆਨੀ ਲਾਲ ਸਿੰਘ ਦੀਆਂ ਦਿਤੀਆਂ ਹੋਈਆਂ ਸਿਖਿਆਵਾਂ ਉਸ ਨੂੰ ਯਾਦ ਕਰਵਾਉਂਦੀਆਂ ਰਹਿੰਦੀਆਂ ਕਿ ਇਕ ਅਧਿਆਪਕ ਦੀਆਂ ਕੀ ਜ਼ਿੰਮੇਵਾਰੀਆਂ ਹੁੰਦੀਆਂ ਹਨ। ਉਹ ਆਪਣੇ ਕੰਮ ਪ੍ਰਤੀ ਪੂਰੀ ਇਮਾਨਦਾਰੀ ਨਾਲ ਇਨਸਾਫ਼ ਕਰਦਾ। ਪੜ੍ਹਾਈ ਵਿਚ ਕਮਜ਼ੋਰ ਬੱਚਿਆਂ ਦੀਆਂ ਮੁਸ਼ਕਿਲਾਂ ਵਲ ਧਿਆਨ ਦੇ ਕੇ ਉਹ ਉਚੇਚੇ ਯਤਨ ਕਰਦਾ। ਕੋਈ ਬੱਚਾ ਸਕੂਲੋਂ ਗ਼ੈਰਹਾਜ਼ਰ ਹੁੰਦਾ ਤਾਂ ਉਹ ਉਸ ਦੇ ਘਰ ਜਾ ਪਹੁੰਚਦਾ ਤੇ ਮਾਪਿਆਂ ਤੋਂ ਗ਼ੈਰਹਾਜ਼ਰੀ ਦਾ ਕਾਰਨ ਪਤਾ ਕਰਦਾ।

ਉਸ ਦੀ ਜਮਾਤ ਵਿਚ ਪਿਛੜੇ ਵਰਗ ਦੇ ਇਕ ਬਹੁਤ ਹੀ ਗ਼ਰੀਬ ਪਰਵਾਰ ਦਾ ਬੱਚਾ ਸੀ ਜੋ ਪਿਛਲੇ ਦੋ ਦਿਨਾਂ ਤੋਂ ਸਕੂਲ ਨਹੀਂ ਸੀ ਆ ਰਿਹਾ। ਬੱਚਾ ਪੜ੍ਹਨ ਵਿਚ ਬਹੁਤ ਹੀ ਹੁਸ਼ਿਆਰ ਸੀ। ਮਾਸਟਰ ਗੁਰਦੇਵ ਸਿੰਘ ਨੂੰ ਪੂਰੀ ਉਮੀਦ ਸੀ ਕਿ ਇਹ ਬੱਚਾ ਜ਼ਰੂਰ ਹੀ ਇਸ ਸਕੂਲ ਦਾ ਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰੇਗਾ। ਸਕੂਲ ਤੋਂ ਛੁੱਟੀ ਬਾਅਦ ਉਹ ਉਸ ਬੱਚੇ ਦੇ ਘਰ ਨੂੰ ਜਾ ਰਿਹਾ ਸੀ ਕਿ ਰਾਹ ਵਿਚ ਪਿੰਡ ਦਾ ਸਰਪੰਚ ਮਿਲ ਗਿਆ ਤੇ ਪੁੱਛਣ ਲੱਗਾ ਕਿ ਉਹ ਕਿਧਰ ਜਾ ਰਿਹਾ ਸੀ। ਮਾਸਟਰ ਗੁਰਦੇਵ ਸਿੰਘ ਦੇ ਦੱਸਣ ਤੇ ਸਰਪੰਚ ਬੋਲਿਆ, " ਮਾਸਟਰ ਜੀ, ਕਿਉਂ 'ਪੁੱਠੇ ਕੰਮ' ਕਰਦੇ ਹੋ, ਇਹ ਲੰਡੀਆਂ ਬੁੱਚੀਆਂ ਜ਼ਾਤਾਂ ਪੜ੍ਹ ਗਈਆਂ ਤਾਂ ਸਾਡੇ ਖੇਤਾਂ 'ਚ ਕੰਮ ਕੌਣ ਕਰੂ, ਨਾਲ਼ੇ ਇਹਨੀਂ ਕਿਹੜਾ ਪੜ੍ਹ ਕੇ ਡੀ. ਸੀ. ਲੱਗ ਜਾਣੈ, 'ਰਾਮ 'ਨਾ ਸਕੂਲੇ ਬੈਠੋ, ਕੋਈ ਸੇਵਾ ਹੋਵੇ ਤਾਂ ਸਾਨੂੰ ਨਿਸ਼ੰਗ ਦੱਸਿਆ ਕਰੋ।"

ਗੁਰਦੇਵ ਸਿੰਘ ਨੂੰ ਪਤਾ ਸੀ ਕਿ ਇਹੋ ਜਿਹੇ ਬੰਦੇ ਨਾਲ ਬਹਿਸ ਕਰਨ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ, ਸਗੋਂ ਕੋਈ ਉਲਟਾ ਚੱਕਰ ਵੀ ਚਲ ਸਕਦਾ ਹੈ। ਉਹ ਜਾਣਦਾ ਸੀ ਕਿ ਪਿੰਡਾਂ 'ਚ ਕੰਮ ਕਰਦੇ ਸਰਕਾਰੀ ਕਰਮਚਾਰੀ ਜੇ ਮੋਹਤਬਰ ਬੰਦਿਆਂ ਦੇ ਕਹੇ 'ਤੇ ਉਹ ਜੇ ਗ਼ਲਤ ਕੰਮ ਨੂੰ ਜਵਾਬ ਦੇ ਦੇਣ ਤਾਂ 'ਉੱਪਰ' ਤੱਕ ਉਹਨਾਂ ਦੀ ਸ਼ਿਕਾਇਤ ਹੋ ਜਾਂਦੀ। ਸੋ ਉਸ ਨੇ ਮੌਕੇ ਦੀ ਨਜ਼ਾਕਤ ਦੇਖਦਿਆਂ 'ਹਾਂ ਜੀ, ਹਾਂ ਜੀ' ਕਰਦਿਆਂ ਆਪਣਾ ਰਾਹ ਫੜਿਆ ਤੇ ਪੁੱਛਦਾ ਪੁਛਾਉਂਦਾ ਵਿਦਿਆਰਥੀ ਦੇ ਘਰੇ ਪਹੁੰਚ ਗਿਆ।

# ਗੁਣਕਾਰੀ ਹੈ ਤੇਜ ਪੱਤਾ

**ਭਾਰਤੀ** ਰਸੋਈ 'ਚ ਭੋਜਨ ਦੇ ਲਈ ਮਸਾਲਿਆਂ ਦੀ ਵਰਤੋਂ ਆਮ ਕੀਤੀ ਜਾਂਦੀ ਹੈ। ਮਸਾਲਿਆਂ ਤੋਂ ਹੀ ਸਾਨੂੰ ਸਾਡੇ ਭੋਜਨ ਦੀ ਪਛਾਣ ਹੁੰਦੀ ਹੈ। ਇਹ ਭੋਜਨ ਦਾ ਸੁਆਦ ਵਧਾਉਂਦੇ ਹਨ, ਪਰ ਸਿਹਤ ਲਈ ਵੀ ਇਹ ਬਹੁਤ ਗੁਣਕਾਰੀ ਹੁੰਦੇ ਹਨ। ਇਨ੍ਹਾਂ 'ਚੋਂ ਇੱਕ ਹੈ ਤੇਜਪੱਤਾ। ਇਸ ਦੀ ਵਰਤੋਂ ਆਯੁਰਵੈਦਿਕ ਔਸ਼ਧੀ ਦੇ ਰੂਪ 'ਚ ਵੀ ਕੀਤੀ ਜਾਂਦੀ ਹੈ। ਚਾਵਲ, ਬਿਰਆਨੀ, ਚਿਕਨ ਤੋਂ ਇਲਾਵਾ ਇਹ ਹੋਰ ਵੀ ਬਹੁਤ ਸਾਰੀਆਂ ਸਬਜ਼ੀਆਂ ਲਈ ਵਰਤੋਂ 'ਚ ਲਿਆਇਆ ਜਾਂਦਾ ਹੈ। ਇਸ ਦੇ ਸੁੱਕੇ ਪੱਤੇ ਸਬਜ਼ੀ 'ਚ ਬਹੁਤ ਹੀ ਚੰਗੀ ਖ਼ੁਸ਼ਬੂ ਦਿੰਦੇ ਹਨ।



ਤੇਜ ਪੱਤੇ 'ਚ ਲਗਭਗ 81 ਤੱਤ ਮੌਜੂਦ ਹੁੰਦੇ ਹਨ ਜੋ ਕਿ ਕਿਸੇ ਨਾ ਕਿਸੇ ਰੂਪ 'ਚ ਸਿਹਤ ਨੂੰ ਫ਼ਾਇਦਾ ਪਹੁੰਚਾਉਂਦੇ ਹਨ। ਕਾਰਬੋਹਾਈਡ੍ਰੇਟਸ, ਪ੍ਰੋਟੀਨ, ਵਾਇਟਾਮਿਨਜ਼, ਸੋਡੀਅਮ, ਪੋਟੈਸ਼ੀਅਮ, ਕੈਲਸ਼ੀਅਮ, ਆਇਰਨ, ਮੈਗਨੀਜ਼ੀਅਮ, ਫ਼ਾਸਫ਼ੋਰਸ, ਜ਼ਿੰਕ, ਆਦਿ ਵਰਗੇ ਹੋਰ ਵੀ ਕਈ ਤੱਤਾਂ ਨਾਲ ਭਰਪੂਰ ਇਹ ਤੇਜਪੱਤਾ ਡਾਇਬੀਟੀਜ਼, ਖ਼ਾਂਸੀ, ਜ਼ੁਕਾਮ, ਜੋੜਾਂ ਦੇ ਦਰਦ, ਆਦਿ ਤੋਂ ਛੁਟਕਾਰਾ ਪਾਉਣ 'ਚ ਵੀ ਕਾਰਗਾਰ ਹੁੰਦਾ ਹੈ।


**ਸਰਦੀ ਕਰੇ ਦੂਰ:** **ਸਰਦੀ** ਲੱਗ ਜਾਣ 'ਤੇ ਛਿੱਕਾਂ ਆਉਣਾ, ਸਿਰ ਦਾ ਭਾਰੀਪਨ, ਗਲਾ ਬੈਠਣਾ, ਨੱਕ 'ਚੋਂ ਪਾਣੀ ਨਿਕਲਣਾ, ਜ਼ੁਕਾਮ ਆਦਿ ਵਰਗੀਆਂ ਪਰੇਸ਼ਾਨੀਆਂ ਆਮ ਹੀ ਹੋ ਜਾਂਦੀਆਂ ਹਨ। ਇਸ ਲਈ 10 ਗ੍ਰਾਮ ਤੇਜਪੱਤੇ ਨੂੰ ਤਵੇ 'ਤੇ ਸੇਕ ਲਓ। ਫ਼ਿਰ ਅੱਧਾ ਹਿੱਸਾ ਪਾਣੀ 'ਚ ਉਬਾਲ ਕੇ ਦੁੱਧ ਅਤੇ ਖੰਡ ਮਿਲਾ ਕੇ ਚਾਹ ਦੀ ਤਰ੍ਹਾਂ ਬਣਾ ਲਓ। ਇਸ ਦੀ ਦਿਨ 'ਚ ਤਿੰਨ ਵਾਰ ਵਰਤੋਂ ਕਰੋ। ਇਸ ਨਾਲ ਸਰਦੀ ਤੋਂ ਰਾਹਤ ਮਿਲਦੀ ਹੈ।

**ਜ਼ਿਆਦਾ ਨੀਂਦ ਆਉਣਾ:** **ਬਹੁਤ** ਸਾਰੇ ਲੋਕਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਨੀਂਦ ਆਉਂਦੀਹੈ। ਅਜਿਹੇ 'ਚ ਤੇਜਪੱਤੇ ਨੂੰ ਪਾਣੀ 'ਚ ਛੇ ਘੰਟਿਆਂ ਲਈ ਭਿਓਂ ਕੇ ਰੱਖ ਦਿਓ। ਸਵੇਰੇ ਇਸ ਪਾਣੀ ਦੀ ਵਰਤੋਂ ਕਰੋ। ਇਸ ਨਾਲ ਜ਼ਿਆਦਾ ਨੀਂਦ ਨਹੀਂ ਆਉਂਦੀ।

**ਡਾਇਬੀਟੀਜ਼ 'ਚ ਲਾਭਕਾਰੀ:** **ਸ਼ੂਗਰ** ਦੇ ਮਰੀਜ਼ਾਂ ਨੂੰ ਇਸ ਦੀ ਵਰਤੋਂ ਕਰਨ ਨਾਲ ਕਾਫ਼ੀ ਫ਼ਾਇਦਾ ਮਿਲਦਾ ਹੈ। ਸੁੱਕੇ ਤੇਜ ਪੱਤੇ ਦਾ ਚੂਰਨ ਬਣਾ ਲਓ। ਇੱਕ ਚੁਟਕੀ ਚੂਰਨ ਦੀ ਰੋਜ਼ਾਨਾ ਪਾਣੀ ਨਾਲ ਵਰਤੋਂ ਕਰੋ। ਇਸ ਨਾਲ ਸ਼ਰੀਰ 'ਚ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ।

**ਖਾਂਸੀ ਦੂਰ ਕਰੇ:** ਖਾਂਸੀ ਤੋਂ ਰਾਹਤ ਪਾਉਣ ਲਈ ਸੁੱਕਾ ਤੇਜ਼ ਪੱਤਾ ਅਤੇ ਛੋਟੀ ਪਿੱਪਲ ਨੂੰ ਬਰਾਬਰ ਮਾਤਰਾ 'ਚ ਮਿਲਾ ਕੇ ਚੂਰਨ ਬਣਾ ਲਓ। ਫ਼ਿਰ ਅੱਧਾ ਚੱਮਚ ਚੂਰਨ ਨੂੰ ਇੱਕ ਚੱਮਚ ਸ਼ਹਿਦ ਦੇ ਨਾਲ ਮਿਲਾ ਕੇ ਵਰਤੋਂ ਕਰ ਲਓ। ਦਿਨ 'ਚ ਤਿੰਨ ਵਾਰ ਇਸ ਨੂੰ ਖਾਣ ਨਾਲ ਖਾਂਸੀ ਠੀਕ ਹੋ ਜਾਂਦੀ ਹੈ।

**ਕਿਡਨੀ ਸਟੋਨ ਲਈ ਫ਼ਾਇਦੇਮੰਦ:** **ਤੇਜਪੱਤਾ** ਕਿਡਨੀ ਦੀ ਪੱਥਰੀ ਦੇ ਕਾਰਨ ਹੋਣ ਵਾਲੀ ਇਨਫ਼ੈਕਸ਼ਨ ਨੂੰ ਵੀ ਦੂਰ ਕਰਨ 'ਚ ਬਹੁਤ ਲਾਭਕਾਰੀ ਹੁੰਦਾ ਹੈ। ਇਸ ਪੱਤੇ ਨੂੰ ਪਾਣੀ 'ਚ ਉਬਾਲ ਕੇ ਠੰਡਾ ਕਰ ਕੇ ਪੀਣ ਨਾਲ ਵੀ ਫ਼ਾਇਦਾ ਮਿਲਦਾ ਹੈ। **ਦੰਦਾਂ** ਦੀ ਸਫ਼ੈਦੀ ਬਰਕਰਾਰ ਰੱਖਣ ਲਈ ਤੇਜ ਪੱਤੇ ਨਾਲ ਬਣੇ ਮੰਜਨ ਦੀ ਵਰਤੋਂ ਕਰੋ। ਸੁੱਕੇ ਤੇਜ ਪੱਤੇ ਨੂੰ ਪੀਸ ਕੇ ਤੁਸੀਂ ਇਸ ਨੂੰ ਖ਼ੁਦ ਵੀ ਬਣਾ ਸਕਦੇ ਹੋ। ਇਸ ਨਾਲ ਦੰਦ ਮਜ਼ਬੂਤ ਹੋਣ ਦੇ ਨਾਲ-ਨਾਲ ਸਫ਼ੈਦ ਵੀ ਹੋ ਜਾਣਗੇ।




# ਸਰਹੰਦ ਵਿਚੋਂ ਲੰਘਦਿਆਂ



ਗੁਰਭਜਨ ਗਿੱਲ

ਸਰਹੰਦ ਦਾ ਵਿਸਥਾਰ ਹੋ ਗਿਆ।
ਹਰ ਬੂਹਾ ਦੀਵਾਰ ਹੋ ਗਿਆ।
ਸੁਪਨੇ ਨੀਹਾਂ ਦੇ ਵਿਚ ਚਿਣਦੈ,
ਹਰ ਬੰਦਾ ਸਰਕਾਰ ਹੋ ਗਿਆ।
□
ਦੱਸੋ ਗੁਜਰੀ ਮਾਂ ਕਿੱਥੇ ਹੈ ?
ਪੋਤਰਿਆਂ ਦੀ ਛਾਂ ਕਿੱਥੇ ਹੈ ?
ਠੰਢਾ ਬੁਰਜ ਮਰਮਰੀ ਕੀਤਾ,
ਦੱਸੋ ਅਸਲੀ ਥਾਂ ਕਿੱਥੇ ਹੈ ?
□
ਔਰੰਗਜ਼ੇਬ ਉਦਾਸ ਖੜ੍ਹਾ ਹੈ।
ਬਿਲਕੁਲ ਸਾਡੇ ਪਾਸ ਖੜ੍ਹਾ ਹੈ।
ਇਸ ਨੇ ਜਿਸਦੀ ਅਲਖ ਮੁਕਾਈ,
ਉਹ ਤਾਂ ਬਣ ਇਤਿਹਾਸ ਖੜ੍ਹਾ ਹੈ।
□
ਨੀਹਾਂ ਵਿਚ ਵਿਸ਼ਵਾਸ ਖੜ੍ਹਾ ਹੈ।
ਫ਼ਰਜ਼ਾਂ ਦਾ ਅਹਿਸਾਸ ਖੜ੍ਹਾ ਹੈ।
ਸਰਬ ਸਮੇਂ ਦਾ ਹਾਣੀ ਹੋ ਕੇ,
ਵਿਰਸਾ ਬਣ ਧਰਵਾਸ ਖੜ੍ਹਾ ਹੈ।
□
ਆਲਮਗੀਰ ਕਹਾਉਂਦਾ ਦੌਲਤਮੰਦ ਕਿੱਥੇ ਹੈ ?
ਇੱਟਾਂ ਚੂਨੇ ਨਾਲ ਉਸਾਰੀ ਕੰਧ ਕਿੱਥੇ ਹੈ ?
ਦੋ ਲਾਲਾਂ ਦਾ ਜੋੜਾ ਅੱਜ ਲਲਕਾਰ ਕੇ ਪੁੱਛੇ,
ਹੁਕਮ ਹਕੂਮਤ ਤੇ ਸੂਬਾ ਸਰਹੰਦ ਕਿੱਥੇ ਹੈ ?
□
ਮਹਿਰਾ ਮੋਤੀ ਰਾਮ ਜਿਉਂਦਾ ਆਪ ਪਛਾਣੇ।
ਹਰ ਲੰਗਰ ਵਿਚ ਸੇਵਾ ਕਰਦੈ ਆਪਣਾ ਜਾਣੇ।
ਪੰਥ ਗੁਰਾਂ ਦੇ ਮਾਰਗ ਤੇ ਸੇਵਾ ਵਿਚ ਰੁੱਝਾ,
ਸਬਰ ਅਤੇ ਸੰਤੋਖ ਦੀ ਮੂਰਤ ਆਪ ਪਛਾਣੇ।
□
ਅੰਤਰ ਧਿਆਨ ਨੂੰ ਜੋੜੋ ਬਿਰਤੀ ਕਰੋ ਇਕਾਗਰ ।
ਆਪਣੇ ਮਨ 'ਚੋਂ ਕੱਢੋ ਇਸ ਪਲ ਵਣਜ ਸੌਦਾਗਰ ।
ਉਸ ਬੰਦੇ ਦੀ ਬੁੱਕਲ ਵਿਚ ਕੀਹ ਨਿੱਘ ਹੋਵੇਗਾ ?
ਦਸਮ ਪਿਤਾ ਨੇ ਬਖਸ਼ਿਆ ਜਿਸ ਨੂੰ ਗੰਗਾ ਸਾਗਰ।
□
ਅਸ਼ਰਫੀਆਂ ਦੇ ਟੋਡਰ ਮੱਲ ਸਿਰਦਾਰ ਬਣ ਗਿਆ।
ਜ਼ਾਲਮ ਓਸੇ ਪਲ ਧਰਤੀ ਤੇ ਭਾਰ ਬਣ ਗਿਆ।
ਵਕਤ ਦੇ ਅੱਥਰੇ ਘੋੜੇ ਨੂੰ ਜਿਸ ਨੱਥ ਪਾਈ ਸੀ,
ਰਹਿੰਦੀ ਦੁਨੀਆਂ ਤੀਕਰ "ਸ਼ਾਹ ਕਿਰਦਾਰ" ਬਣ ਗਿਆ।
□
ਤੇਜ਼ ਧਾਰ ਤਲਵਾਰਾਂ ਤੋਂ ਜੋ ਡਰਦਾ ਨਹੀਂ ਹੈ।
ਪਰ ਇਹ ਕਾਰਜ ਹਰ ਕੋਈ ਬੰਦਾ ਕਰਦਾ ਨਹੀਂ ਹੈ।
'ਸ਼ੇਰ ਮੁਹੰਮਦ' ਅੱਜ ਵੀ ਇਕ ਸਤਿਕਾਰਤ ਨਾਂ ਹੈ,
"ਹਾਅ ਦਾ ਨਾਅਰਾ" ਮਾਰਨ ਵਾਲਾ ਮਰਦਾ ਨਹੀਂ ਹੈ।
□
ਕੌਣ ਸੰਭਾਲੇ ਵਰਤਣ ਪਿਛੋਂ ਲਿੱਬੜੇ ਸੰਦ ਨੂੰ।
ਘਰ ਵਿਚ ਕਿਹੜਾ ਰੱਖਦੈ ਦੱਸੋ ਐਸੇ ਗੰਦ ਨੂੰ।
ਨਾਂ ਨੂੰ ਵੱਟਾ ਲਾਇਆ, ਜਾਬਰ ਨੂੰ ਉਕਸਾਇਆ,
ਵਕਤ ਪਿਆ ਦੁਰਕਾਰੇ ਅੱਜ ਵੀ ਸੁੱਚਾ ਨੰਦ ਨੂੰ।
□
ਨਿੱਕੀਆਂ ਜਿੰਦਾਂ ਵੱਡੇ ਸਾਕੇ।
ਵਾਰਸ ਬਣ ਗਏ ਆਕੇ ਬਾਕੇ।
ਧਾੜਵੀਆਂ ਦਾ ਏਕਾ ਵੇਖੋ,
ਸਿਖ਼ਰ ਦੁਪਹਿਰੇ ਮਾਰਨ ਡਾਕੇ ।
□
ਗੰਗੂ ਤਾਂ ਲਾਲਚ ਦਾ ਨਾਂ ਹੈ।
ਇਹ ਪੈਸੇ ਦੀ ਕਾਲੀ ਛਾਂ ਹੈ।
"ਖੇੜੀ ਅਤੇ ਸਹੇੜੀ" ਪਿੰਡ ਨਹੀਂ,
ਅੱਜ ਵੀ ਇਹ ਜੰਮਦਾ ਹਰ ਥਾਂ ਹੈ।
□
ਪਾਗਲ ਘੋੜਿਆਂ ਮਿੱਧੀ ਧਰਤੀ ਕਰਨ ਨਿਰਾਦਰ ।
ਲੀਰਾਂ ਲੀਰਾਂ ਹੋ ਚੱਲੀ ਸੀ ਹਿੰਦ ਦੀ ਚਾਦਰ।
ਅੱਥਰੇ ਘੋੜੇ ਦੀ ਜਿਸ ਅੱਗਿਓਂ ਵਾਗ ਫੜੀ ਸੀ,
'ਵੈਰਾਗੀ' ਤੋਂ ਬਣ ਗਿਆ 'ਬੰਦਾ' ਸ਼ੇਰ ਬਹਾਦਰ ।
□
ਚਾਰ ਚੁਫੇਰੇ ਧੁੰਦ ਹੀ ਧੁੰਦ ਹੈ, ਗਰਦ ਗੁਬਾਰ ਵੀ ਹੈ।
ਵਿਰਸੇ ਦੇ ਵੱਲ ਪਿੱਠ ਕੀਤੀ ਦਾ ਰੂਹ ਤੇ ਭਾਰ ਵੀ ਹੈ।
ਸਾਰੇ ਪੰਛੀ ਚੋਗਾ ਤੇ ਨਹੀਂ ਚੁਗਦੇ ਵੇਖ ਲਵੋ,
ਦਸਵੇਂ ਗੁਰੂ ਦੇ ਸੁਪਨੇ ਲੈ ਕੇ, ਉੱਡਦੀ ਡਾਰ ਵੀ ਹੈ।
□
ਆਤਮ ਚਿੰਤਨ ਵੇਲਾ, ਖ਼ੁਦ ਦੇ ਸੰਗ ਬਹਿਣਾ ਸੀ।
ਇਹ ਤਾਂ ਸੇਕ ਨਿਰੰਤਰ ਆਪਾਂ ਖ਼ੁਦ ਸਹਿਣਾ ਸੀ।
ਢੋਲ ਢਮੱਕੇ ਰੌਲੇ ਰੱਪੇ, ਇਹ ਅੰਦਾਜ਼ ਨਹੀਂ,
ਫੁੱਲਾਂ ਨੂੰ ਫੁੱਲ ਅਰਪ ਅਸਾਂ ਅੱਜ ਚੁੱਪ ਬਹਿਣਾ ਸੀ।

# ਚਮਕੌਰ ਸਾਹਿਬ ਦੀ ਜੰਗ ਦਾ ਸੀਨ

ਠੋਕਰ ਲੱਗੀ ਤਾਂ ਦੇਖਿਆ ਦਇਆ ਸਿੰਘ ਨੇ,
ਇਹ ਤਾਂ ਲਾਸ਼ ਪਿਆਰੇ ਜੁਝਾਰ ਦੀ ਸੀ।
ਥਾਂ ਥਾਂ 'ਤੇ ਸੀ ਤੇਗ਼ਾਂ ਦੇ ਫੱਟ ਲੱਗੇ,
ਲਾਲੀ ਚਿਹਰੇ ਦੀ ਡਲਕਾਂ ਮਾਰਦੀ ਸੀ।

ਬਰਛੀਆਂ ਸੀਨੇ ਤੇ ਖਾਧੀਆਂ ਸੂਰਮੇ ਨੇ,
ਜੂਝਿਆ ਸ਼ੇਰ ਵਾਂਗ ਉਹ ਵਿਚ ਮੈਦਾਨ ਹੈ ਸੀ।
ਟੱਕਰ ਲਈ ਨਾ ਜ਼ੁਲਮ ਨਾਲ ਕਿਸੇ ਐਸੀ,
ਪੈੜਾਂ ਪਾ ਗਿਆ ਉਹ ਵਿਚ ਜਹਾਨ ਹੈ ਸੀ।

ਕੀਮਖਾਬਾਂ ਤੇ ਰੇਸ਼ਮ ਜੋ ਪਹਿਨਦੇ ਸਨ,
ਅੱਜ ਲਾਸ਼ ਇਕ ਕਫ਼ਨ ਨੂੰ ਸਹਿਕਦੀ ਸੀ।
ਸੱਚ ਬੁਲੰਦ ਤੇ ਬੌਣਾ ਸੀ ਝੂਠ ਹੋਇਆ,
ਖ਼ੁਸ਼ਬੂ ਜੁਝਾਰ ਦੇ ਲਹੂ ਦੀ ਮਹਿਕਦੀ ਸੀ।

ਕਫ਼ਨ ਦਇਆ ਸਿੰਘ ਜਾਂ ਲਾਸ਼ ਤੇ ਪਾਉਣ ਲੱਗਾ,
ਫੜਿਆ ਹੱਥ ਉਹਦਾ ਕਲਗੀਆਂ ਵਾਲੜੇ ਨੇ।
ਪੁੱਤਾਂ ਜਿਹੇ ਮੇਰੇ ਸਿੰਘ ਸ਼ਹੀਦ ਹੋ ਗਏ,
ਜੁਝਾਰ ਵਰਗੇ ਹੀ ਉੱਚ ਦੁਮਾਲੜੇ ਨੇ।

ਕਫ਼ਨ ਹੈਗਾ ਜੇ ਸਭ ਤੇ ਪਾਉਣ ਜੋਗਾ,
ਜੰਮ ਜੰਮ ਪਾਈਂ ਫੇਰ ਮੇਰੇ ਜੁਝਾਰ ਉੱਤੇ।
ਕੋਈ ਕਹੇ ਨਾ ਪੁੱਤਰ ਦਾ ਮੋਹ ਕੀਤੈ,
ਉਂਗਲ ਉੱਠੇ ਨਾ ਮਿਰੇ ਕਿਰਦਾਰ ਉੱਤੇ।



ਬੇਕਫ਼ਨ ਮਿਰੇ ਬਾਂਕੇ ਸ਼ੇਰ ਦੂਲਿਆਂ ਨੇ,
ਲੱਜ ਕੌਮ ਦੀ ਹੁਣ ਇਨ੍ਹਾਂ ਹੀ ਕੱਜਣੀ ਏਂ।
ਸਿੰਘ ਵੈਰੀ ਦੇ ਕਰਨਗੇ ਐਸੇ ਦੰਦ ਖੱਟੇ,
ਜੰਞ ਪਾਪ ਦੀ ਹੁਣ ਏਥੋਂ ਭੱਜਣੀ ਏਂ।

ਨਿਰਮਲ ਸਿੰਘ ਕੰਧਾਲਵੀ

# ਡਾ. ਸ. ਪ. ਸਿੰਘ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਪ੍ਰੋਫ਼ੈਸਰ ਐਮਰੀਟਸ ਦੀ ਆਨਰੇਰੀ ਉਪਾਧੀ ਨਾਲ ਨਿਵਾਜਿਆ

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ 12 ਦਸੰਬਰ 2023 ਨੂੰ ਸਿੰਡੀਕੇਟ ਦੀ ਮੀਟਿੰਗ ਵਿੱਚ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਮੌਜੂਦਾ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਲੁਧਿਆਣਾ ਤੇ ਪ੍ਰਧਾਨ ਭਾਸ਼ਾ ਅਕਾਦਮੀ ਜਲੰਧਰ ਨੂੰ ਪ੍ਰੋਫ਼ੈਸਰ ਐਮਰੀਟਸ ਦੀ ਆਨਰੇਰੀ ਉਪਾਧੀ ਨਾਲ ਨਿਵਾਜਣ ਦਾ ਫੈਸਲਾ ਲਿਆ ਗਿਆ ਹੈ। ਡਾ. ਸ. ਪ. ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਕਾਰਜਸ਼ੀਲ ਰਹਿੰਦਿਆਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਵਿਚ ਆਪਣਾ ਵਿਸ਼ਵ-ਵਿਆਪੀ ਯੋਗਦਾਨ ਪਾਇਆ ਹੈ। ਪਰਵਾਸੀ ਪੰਜਾਬੀ ਸਾਹਿਤ ਅਤੇ ਖੋਜ ਨੂੰ ਅਕਾਦਮਿਕ ਪੱਧਰ ਉੱਪਰ ਸਥਾਪਿਤ ਕਰਨ ਵਿਚ ਇਨ੍ਹਾਂ ਦਾ ਮੁੱਢਲਾ ਰੋਲ ਰਿਹਾ ਹੈ। ਆਪਣੇ ਚਿੰਤਨਸ਼ੀਲ ਅਨੁਭਵ ਰਾਹੀਂ ਵੱਖ-ਵੱਖਰੀਆਂ ਸੰਸਥਾਵਾਂ ਅਤੇ ਅਕਾਦਮਿਕਤਾ ਨੂੰ ਦਿਸ਼ਾ ਨਿਰਦੇਸ਼ ਦਿੰਦੇ ਰਹਿੰਦੇ ਹਨ। ਇਨ੍ਹਾਂ ਦੀ ਅਗਵਾਈ ਵਿਚ ਪੰਜਾਬੀ ਭਾਸ਼ਾਈ ਅਦਾਰੇ ਭਾਸ਼ਾ ਦੀ ਸਮਰੱਥਾ ਨੂੰ ਵਧੇਰੇ ਸੰਜੀਦਗੀ ਨਾਲ ਪ੍ਰਗਟ ਕਰਦੇ ਆ ਰਹੇ ਹਨ। ਪੰਜਾਬੀ ਕਾਨਫ਼ਰੰਸਾਂ ਅਤੇ ਸੈਮੀਨਾਰਾਂ ਦੇ ਪ੍ਰਬੰਧਕੀ ਕਾਰਜਾਂ ਨੂੰ ਵਿਸ਼ਵ-ਪੱਧਰ ਉੱਪਰ ਇਨ੍ਹਾਂ



ਦੀ ਸਰਪ੍ਰਸਤੀ ਪ੍ਰਾਪਤ ਰਹਿੰਦੀ ਹੈ। ਇਨ੍ਹਾਂ ਜੀ ਦੀ ਦੂਰ-ਅੰਦੇਸ਼ੀ ਸਦਕਾ ਉੱਚ ਸਿੱਖਿਆ ਪ੍ਰਣਾਲੀ ਦੀ ਰੂਪ-ਰੇਖਾ ਵਧੇਰੇ ਸੰਜੀਦਗੀ ਨਾਲ ਵਿਉਂਤਬੱਧ ਕੀਤੀ ਗਈ ਹੈ। ਇਹਨਾਂ ਪ੍ਰਾਪਤੀਆਂ ਲਈ ਡਾ. ਸ. ਪ. ਸਿੰਘ ਦਾ ਨਾਮ ਦੇਸ਼ ਪ੍ਰਦੇਸ਼ ਦੀਆਂ ਸਾਹਿਤਕ ਸੰਸਥਾਵਾਂ ਵਿਚ ਸਨਮਾਨ ਨਾਲ ਲਿਆ ਜਾਂਦਾ ਹੈ। ਲੇਖਨ ਅਤੇ ਚਿੰਤਨ ਦੇ ਖੇਤਰ ਵਿਚ 38 ਪੁਸਤਕਾਂ, 310 ਲੇਖ ਅਤੇ 525 ਸਾਰ-ਰੀਵਿਊ ਇਨ੍ਹਾਂ ਦੀ ਮਾਣਮੱਤੀ ਪ੍ਰਾਪਤੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਡਾ. ਸ. ਪ. ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਵੀ ਲਾਈਫ ਟਾਈਮ ਫੈਲੋਸ਼ਿਪ ਨਾਲ ਨਿਵਾਜਿਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਇਸ ਮੌਕੇ ਖ਼ੁਸ਼ੀ ਦਾ ਇਜ਼ਹਾਰ ਕਰਦੇ ਹੋਏ ਡਾ. ਸ. ਪ. ਸਿੰਘ ਨੂੰ ਵਧਾਈ ਦਿੱਤੀ ਤੇ ਕਿਹਾ ਕੀ ਸਾਡੇ ਲਈ ਵੀ ਇਹ ਮਾਣ ਤੇ ਖ਼ੁਸ਼ੀ ਦੀ ਗੱਲ ਹੈ ਕਿ ਡਾ. ਸਾਹਿਬ ਸਾਡੀ ਇਸ ਸੰਸਥਾ ਦੀ ਸੁਯੋਗ ਅਗਵਾਈ ਕਰ ਰਹੇ ਹਨ।

ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ.ਜੀ.ਐਨ.ਆਈ.ਐਮ.ਟੀ., ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ ਲੋਕ ਵਿਰਾਸਤ ਅਕੈਡਮੀ ਲੁਧਿਆਣਾ, ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸ਼ਰਨਜੀਤ ਕੌਰ, ਡਾ. ਹਰਪ੍ਰੀਤ ਸਿੰਘ ਦੂਆ, ਡਾ. ਗੁਰਪ੍ਰੀਤ ਸਿੰਘ, ਡਾ. ਤਜਿੰਦਰ ਕੌਰ ਤੇ ਰਾਜਿੰਦਰ ਸਿੰਘ ਨੇ ਵੀ ਉਨ੍ਹਾਂ ਨੂੰ ਵਧਾਈ ਦਿੱਤੀ।

# ਕਾਂਗਰਸ ਔਨਲਾਈਨ ਚੰਦਾ ਇਕੱਠਾ ਕਰਨ ਲਈ ਸ਼ੁਰੂ ਕਰੇਗੀ ਮੁਹਿੰਮ

ਨਵੀਂ ਦਿੱਲੀ: ਕਾਂਗਰਸ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਕੁੱਝ ਮਹੀਨੇ ਪਹਿਲਾਂ ਔਨਲਾਈਨ ਚੰਦਾ ਇਕੱਠਾ ਕਰਨ ਲਈ ਡੋਨੇਟ ਫ਼ੌਰ ਦਾ ਕੰਟਨੀ ਨਾਂ ਨਾਲ ਮੁਹਿੰਮ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇ. ਸੀ. ਵੇਣੂੰਗੋਪਾਲ ਦਾ ਕਹਿਣਾ ਹੈ ਕਿ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ 18 ਦਸੰਬਰ ਨੂੰ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਦੇਸ਼ ਦੀ ਮੁੱਖ ਵਿਰੋਧੀ ਪਾਰਟੀ 28 ਦਸੰਬਰ ਨੂੰ ਆਪਣੇ 138ਵੇਂ ਸਥਾਪਨਾ ਦਿਵਸ ਤੋਂ ਪਹਿਲੇ ਇਸ ਮੁਹਿੰਮ ਦੇ ਮਾਧਿਅਮ ਨਾਲ ਲੋਕਾਂ ਤੋਂ 138 ਰੁਪਏ, 1, 380 ਰੁਪਏ, 13 ਹਜ਼ਾਰ 800 ਰੁਪਏ ਜਾਂ ਫ਼ਿਰ ਇਸ ਤੋਂ 10 ਗੁਣਾ ਰਾਸ਼ੀ ਚੰਦੇ ਵਜੋਂ ਦੇਣ ਦੀ ਅਪੀਲ ਕਰੇਗੀ।ਵੇਣੂੰਗੋਪਾਲ ਨੇ ਕਿਹਾ, "ਕਾਂਗਰਸ ਨੂੰ ਚੰਦਾ ਇਕੱਠੇ ਕਰਨ ਦੀ ਆਪਣੀ ਔਨਲਾਈਨ ਮੁਹਿੰਮ ਡੋਨੇਟ ਫ਼ੌਰ ਦਾ ਕੰਟਰੀ ਦੀ ਸ਼ੁਰੂਆਤ ਦਾ ਐਲਾਨ ਕਰਦੇ ਹੋਏ ਮਾਣ ਹੋ ਰਿਹਾ ਹੈ।

# ਗ਼ੈਰ-ਕਾਨੂੰਨੀ ਪ੍ਰਵਾਸ ਨਾਲ ਤਬਾਹੀ ਦਾ ਖਤਰਾ - ਸੁਨਕ

ਲੰਡਨ: ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਯੌਰਪ 'ਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੇ ਦਾਖਲੇ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਕਿ ਕੁੱਝ ਦੁਸ਼ਮਣ ਇਮੀਗ੍ਰੇਸ਼ਨ ਨੂੰ ਹਥਿਆਰ ਵਜੋਂ ਵਰਤਣਾ ਚਾਹੁੰਦੇ ਹਨ ਤਾਂ ਜੋ ਸਮਾਜ ਨੂੰ ਜਾਣਬੁਝ ਕੇ ਅਸਥਿਰ ਕੀਤਾ ਜਾ ਸਕੇ।ਪ੍ਰਧਾਨ ਮੰਤਰੀ ਸੁਨਕ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ ਮੁੱਦੇ ਨੂੰ ਹੱਲ ਕਰਨ ਲਈ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਵਧਦੀ ਗਿਣਤੀ ਯੌਰਪੀਅਨ ਦੇਸ਼ਾਂ 'ਤੇ ਹਾਵੀ ਹੋ ਸਕਦੀ ਹੈ। ਇਸ ਦੇ ਨਾਲ ਹੀ ਉਹਨਾਂ ਸੰਕੇਤ ਦਿੱਤਾ ਕਿ ਅੰਤਰਰਾਸ਼ਟਰੀ ਕਾਨੂੰਨ ਨੂੰ ਅਪਡੇਟ ਕਰਨ ਦਾ ਸਮਾਂ ਆ ਗਿਆ ਹੈ।

# ‘ਜਿਹੜੇ ਮਾਲਕ ਆਪਣੇ ਕਾਮਿਆਂ ਨੂੰ ਖੁਸ਼ ਰੱਖਦੇ ਹਨ ਉਹ ਹਮੇਸ਼ਾਂ ਤੂੱਕੀ ਕਰਦੇ ਹਨ Pro Plas ਕੰਪਣੀ ਵਾਂਗ’

ਬੀਤੇ ਦਿਨੀ ਯੂਕੇ ਦੀ ਮਸ਼ਹੂਰ ਕੰਪਣੀ ‘ਪ੍ਰੋ ਪਲਾਸ’ ਦੇ ਮੈਨੇਜਿੰਗ ਡਾਇਰੈਕਟਰ ਸ. ਜਗਤਾਰ ਸਿੰਘ ਖੈਹਰਾ, ਡਾਰਿਰੈਕਟਰ ਜੋਤ ਸਿੰਘ,ਸਰਦਾਰਨੀ ਪਰਮਜੀਤ ਕੌਰ ਖੈਹਰਾ, ਜੀਤਾ ਖੈਹਰਾ ਅਤੇ ਦੀਪਾ ਖੈਹਰਾ ਨੇ ਹਰ ਸਾਲ ਦੀ ਤਰ੍ਹਾਂ ਆਪਣੇ ਮਿਹਨਤੀ ਸਟਾਫ਼ ਨੂੰ ਕ੍ਰਿਸਮਸ ਅਤੇ ਨਵੇਂ ਦੀ ਖੁਸ਼ੀ ਵਿੱਚ ਇੱਕ ਸ਼ਾਨਦਾਰ ਪਾਰਟੀ ‘ਵੈਸਟ ਬ੍ਰਾਮਵਿੱਚ ਦੇ ਮਸ਼ਹੂਰ ‘ਨਿਊ ਬ੍ਰਟਾਨੀਆਂ ਇਨ’ ਵਿੱਚ ਦਿੱਤੀ ਜਿੱਥੇ ਸਭ ਨੇ ਪਾਰਟੀ ਦਾ ਆਨੰਦ ਮਾਣਦੇ ਹੋਏ ‘ਪਰੋਪਲਾਸ’ ਦੇ ਮਾਲਕਾਂ ਦਾ ਧੰਨਵਾਦ ਕੀਤਾ ਉੱਥੇ ਸਭਨੇ ਆਪਣਾ ਭੰਗੜ੍ਹੇ ਪਾ ਪਾ ਮਨ ਪ੍ਰਚਾਇਆ ਅਤੇ ਸਵਾਦਲੇ ਖਾਣਿਆਂ ਦਾ ਆਨੰਦ ਮਾਣਿਆ।

ਮਨ ਜਿੱਤ ਅਦਾਰਾ ‘ਪਰੋਪਲਾਸ’ ਨੂੰ ਇਸ ਚੰਗੇ ਕਦਮ ਪੁੱਟਣ ਦੀ ਵਧਾਈ ਦਿੰਦਾ ਹੋਇਆ ਕੰਪਣੀ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ ਅਤੇ ਸਭ ਨੂੰ ‘ਵੱਡੇ ਦਿਨ ਕ੍ਰਿਸਮਸ ਅਤੇ ਨਵੇਂ ਸਾਲ’ ਦੀ ਵਧਾਈ ਦਿੰਦਾ ਹੈ।





ਗੁਰਮੀਤ ਸਿੰਘ ਭੋਗਲ

# ਜੱਗ ਸੁੱਪਨਾ ॥

## {World is a Dream}

ਇੱਕ ਪਾਕ ਪਵਿੱਤਰ ਧਾਰਮਕ ਸਥਾਨ ਦੇ ਬੜੇ ਹਾਲ ਵਿੱਚ ਰਾਤ ਦਾ ਸਮਾਗਮ ਲੇਟ ਸਮਾਪਤ ਹੋਣ ਕਾਰਨ ਦੁਰੇਡੇ ਤੋਂ ਆਈਆਂ ਅਤੇ ਦੂਰ ਜਾਣ ਵਾਲੀਆਂ ਸ਼ਰਧਾਲੂ ਸੰਗਤਾਂ ਆਰਾਮ ਕਰਨ ਲਈ ਜਾਂ ਰਾਤ ਕੱਟਣ ਲਈ ਉੱਥੇ ਹੀ ਸੌਂ ਰਹੀਆਂ। ਬੜਾ ਸੁੱਖਾਵਾਂ ਸ਼ਾਂਤਮਈ ਵਾਤਾਵਰਨ ਸੀ। ਸਾਰੀ ਰਾਤ ਤਾਂ ਸੋਹਣੀ ਬੀਤ ਗਈ ਪਰ ਫੇਰ ਅਚਨਚੇਤ ਬੜੇ ਤੜਕੇ, ਅਚਾਨਕ ਇੱਕ ਅੰਬਰ ਛੂੰਹਦੀ ਉੱਚੀ ਚੀਖ "ਗੁਰੂ ਜੀ ਮੈਨੂੰ ਬਚਾਓ, ਮੈਨੂੰ ਬੱਚਾਓ!" ਨੇ ਸਭ ਨੂੰ ਨੀਂਦ ਤੋਂ ਉਪਰਾਮ ਬੇਦਾਰ ਬੇਅਰਾਮ ਕਰ ਦਿੱਤਾ। ਉਸੇ ਵੇਲੇ ਕੁੱਝ ਹਮਦਰਦੀ ਸੱਜਣ ਦਿਲਾਸਾ ਦਿਲਜੋਈ ਦੇਣ ਲਈ ਉਸ ਡੌਰ ਭੌਰ ਨੀਂਦ ਤੋਂ ਉੱਠ ਬੈਠੇ ਅੱਧੇੜ ਉਮਰ ਦੇ ਸਿੱਖ ਦੇ ਕੋਲ ਨੱਸੇ ਆਏ, ਜਿਸ ਨੇ ਹੁਣੇ ਹੁਣੇ ਕਿਸੇ ਡਰਾਉਣੇ ਸੁਪਨੇ ਤੋਂ ਬੇਜ਼ਾਰ ਹੋ ਕੇ ਇਹ ਉੱਚੀ ਲੇਰ ਮਾਰੀ ਸੀ "ਗੁਰੂ ਜੀ ਮੈਨੂੰ ਬੱਚਾਓ!"

ਕੁੱਝ ਹੀ ਮਿੰਟਾਂ ਅੰਦਰ ਅੰਦਰ ਬਾਕੀ ਦੇ ਆਲੇ ਦੁਆਲੇ ਹੋਰ ਸੁੱਤੇ ਸ਼ਰਧਾਲੂ ਜਾਗ ਪਏ ਤੇ ਉਸ ਪਸੀਨੋ ਪਸੀਨੀ, ਸਾਹੋ ਸਾਹੀ ਹੋਏ ਅਤੇ ਹੱਕੇ ਬੱਕੇ ਤੇ ਘਬਰਾਏ ਸਿੱਖ ਦੇ ਇਰਦ ਗਿਰਦ ਆ ਕੇ ਬੈਠ ਗਏ। ਉਸ ਡੇਰੇ ਦੇ ਆਦਰਯੋਗ ਮੁੱਖੀ ਗਿਆਨੀ ਬਾਬਾ ਜੀ ਵੀ ਆ ਪਹੁੰਚੇ ਤੇ ਉਨ੍ਹਾਂ ਨੇ ਸੁਪਨੇ ਤੋਂ ਭੁੱਚਲਾਏ ਤੇ ਵਿਆਕੁਲ ਸ੍ਰ: ਸ਼ੇਰ ਸਿੰਘ ਦੀ ਪਿੱਠ ਤੇ ਬੜੇ ਦਿਲਾਸੇ ਭਰਪੂਰ ਸਨੇਹ ਨਾਲ ਹੱਥ ਫੇਰਦਿਆਂ ਉਸ ਦਾ ਹਵਾਲ ਪੁੱਛਿਆ।

ਸੁਪਨੇ ਦੀ ਭੈ ਭੀਤ ਹਾਲਤ ਵਿੱਚੋਂ ਬਾਹਰ ਨਿਕਲ ਕੇ ਕੁੱਝ ਸਮੇਂ ਉਪਰੰਤ ਸੰਤੁਲਿਤ ਹਾਲਤ ਵਿੱਚ ਆਉਂਦਿਆਂ ਸ਼ੇਰ ਸਿੰਘ ਨੇ ਆਪਣੇ ਕਾਬੂਸ ਡਰਾਉਣੇ ਭਿਆਨਕ ਸੁਪਨੇ ਬਾਰੇ ਕਹਿਣਾ ਸ਼ੁਰੂ ਕੀਤਾ। ਜੀ ਮੇਰਾ ਸੁੱਪਨਾ ਉਸ ਪ੍ਰਭਾਵਮਈ ਵਿਡਿਓ ਵਾਂਗ ਹਾਲੇ ਵੀ ਮੇਰੇ ਸਾਹਮਣੇ ਸਪੱਸ਼ਟ ਸਾਕਾਰ ਚੱਲ ਰਿਹਾ ਹੈ। ਕਾਫ਼ੀ ਸਾਲ ਵਲੈਤ ਵਿੱਚ ਰਹਿਣ ਤੋਂ ਬਾਅਦ ਮੇਰਾ ਮਨ ਕੀਤਾ ਕਿ ਮੈਂ ਆਪਣੀ ਜਨਮ ਭੋਂ ਦੇ ਦਰਸ਼ਨ ਕਰ ਆਵਾਂ। ਅੰਮ੍ਰਿਤਸਰ ਹਵਾਈ ਅੱਡੇ ਤੋਂ ਟੈਕਸੀ ਕਰਕੇ ਮੈਂ ਸਿੱਧਾ ਆਪਣੇ ਪਿੰਡ ਆ ਗਿਆ। 1984 ਦੇ ਕਾਲੇ ਦਿਨ ਭਿਆਨਕ ਸਮੇਂ ਦੀ ਇੱਕ ਅੱਧੀ ਰਾਤ ਨੂੰ ਮੈਂ ਆਪਣੇ ਘਰ ਦਾ ਬੂਹਾ ਆ ਖੜਕਾਇਆ। ਕਿਸੇ ਅਣਚਿਤਵੇ ਭੈ ਤੋਂ ਸਹਿਮੇਂ ਹੋਏ ਬਾਪੂ ਜੀ ਨੇ ਡਰਦਿਆਂ ਡਰਦਿਆਂ ਦਰਵਾਜ਼ਾ ਖ੍ਹੋਲਿਆ। ਮੇਰੇ ਘਰ ਅੰਦਰ ਦਾਖਲ਼ ਹੋਣ ਸਾਰ ਹੀ ਉਨ੍ਹਾਂ ਤੁਰੰਤ ਦਰ ਬੰਦ ਕਰ ਦਿੱਤੇ ਅਤੇ ਬੜੀ ਅਹਤਿਆਤ ਵਰਤਦਿਆਂ ਕੁੰਡਾ ਲਾ ਲਿਆ।

ਮੈਨੂੰ ਇੰਜ ਜਾਪਿਆ ਜਿਵੇਂ ਚ੍ਹਾਵਾਂ ਮਲ੍ਹਾਰਾਂ ਲੱਧੀ ਬੜੀ ਮੁੱਦਤ ਬਾਅਦ ਮੇਰੀ ਘਰ ਵਾਪਸੀ ਮੇਰੇ ਘਰ ਵਾਲਿਆਂ ਨੂੰ ਰਾਸ ਨਹੀਂ ਆਈ ਤੇ ਚੰਗੀ ਵੀ ਨਹੀਂ ਲੱਗੀ। ਮੇਰੇ ਸੁਆਗਤ ਦੀ ਗੱਲ ਨੂੰ ਛੱਡੋ, ਮੈਨੂੰ ਬਿਨਾਂ ਬੁਲਾਏ ਉਹ ਪਤਾ ਨਹੀਂ ਆਪਸ ਵਿੱਚ ਕੀ ਘੁੱਸਰ ਮੁੱਸਰ ਕਰਨ ਵਿੱਚ ਜੁੱਟੇ ਰਹੇ।

ਬਾਹਰ ਗਲ੍ਹੀ ਵਿੱਚ ਉੱਚੀ ਉੱਚੀ ਚੀਖ਼ ਚਿਹਾੜਾ ਰੌਲਾ ਰੱਪਾ ਪੈਣ ਲੱਗਾ। ਸਾਡੇ ਘਰ ਦੇ ਦਰਵਾਜੇ ਭੰਨ ਤੋੜ ਕੇ ਕੁੱਝ ਪੁਲੀਸੀਏ ਘਰ ਅੰਦਰ ਆਣ ਦੀ ਕੋਸ਼ਿਸ਼ ਕਰਨ ਲੱਗੇ, ਨਾਲ ਨਾਲ ਉਹ ਕਹਿ ਰਹੇ ਸਨ ਕਿ ਉਹ ਇੱਕ ਅੱਤਿਵਾਦੀ ਦੀ ਤਲਾਸ਼ ਵਿੱਚ ਹਨ ਜੋ ਹੁਣੇ ਹੁਣੇ ਇਸ ਘਰ ਵਿੱਚ ਆਇਆ ਤੇ ਛੁੱਪਿਆ ਬੈਠਾ ਹੈ। ਆਪਣੀ ਮਾਂ ਦੇ ਇਸ਼ਾਰਾ ਕਰਨ ਤੇ ਮੈਂ ਘਰ ਦੀ ਪਿੱਛਲਵਾੜ ਵਾਲੀ ਛੋਟੀ ਕੰਧ ਟੱਪ ਕੇ ਬਾਹਰ ਖੇਤਾਂ ਵਿੱਚੋਂ ਹੋ ਕੇ ਭੱਜ ਕੇ ਬੱਚਣ ਦਾ ਉਪਰਾਲਾ ਕੀਤਾ।

ਹਾਲੇ ਮੈਂ ਕੁੱਝ ਪੈਂਡਾ ਹੀ ਚੱਲਿਆ ਹੋਵਾਂਗਾ ਕਿ ਮੈਂ ਹਨ੍ਹੇਰੇ ਵਿੱਚ ਪਿੱਛੇ ਮੁੜ ਕੇ ਦੇਖਿਆ। ਮੇਰੇ ਪਿੱਛੇ ਪਿੱਛੇ ਹੋਰ ਬਹੁਤ ਲੋਕ ਮੈਨੂੰ ਫੜਨ ਲਈ ਨੱਠੇ ਆ ਰਹੇ ਸਨ। ਉਨ੍ਹਾਂ ਦੇ ਹੱਥਾਂ ਵਿੱਚ ਜਲ ਰਹੀਆਂ ਮਸਾਲਾਂ, ਤੇਜ਼ਧਾਰ ਹੱਥਿਆਰ, ਟਰੱਕਾਂ ਦੇ ਟਾਇਰ ਅਤੇ ਪੈਟਰੋਲ ਨਾਲ ਭਰੇ ਟੀਨ ਕਨੱਸਤਰ ਵੀ ਸਨ। ਉੱਚੀ ਉੱਚੀ ਆਵਾਜ਼ਾਂ ਨਾਲ ਉਹ ਕਹਿ ਰਹੇ ਸਨ ਸਿੱਖੜਾ ਹੁਣ ਕਿਤੇ ਬੱਚ ਕੇ ਨਿਕਲ ਨਾ ਜਾਵੇ। ਇਹੋ ਹੀ ਸਾਡੀ ਇੰਦਰਾ ਜੀ ਦਾ ਕਾਤਲ ਹੈ। ਉੱਚਾਣ ਵਲ ਜਾਂਦਾ ਪਹਾੜੀ ਰਾਸਤਾ, ਪਿੱਛੇ ਮੇਰੇ ਲੱਗੀਆਂ ਜੀਪਾਂ ਲੈਂਡਰੋਵਰਾਂ ਦੀਆਂ ਤੇਜ਼ ਅੱਖਾਂ ਨੂੰ ਚੁੰਧਿਆਉਣ ਵਾਲੀਆਂ ਲਾਈਟਾਂ। ਮੇਰੇ ਹੋਸ਼ ਗੁੰਮ ਹਵਾਸ ਗੁੰਮ, ਸੁੱਝੇ ਕੁੱਝ ਨਾ ਕਿੱਧਰ ਜਾਵਾਂ ਕਿਵੇਂ ਮੈਂ ਆਪਣੀ ਜਾਨ ਬੱਚਾਵਾਂ? ਫੇਰ ਮੈਨੂੰ ਇਵੇਂ ਲੱਗਾ ਜਿਵੇਂ ਰਾਸਤਾ ਖਤਮ ਹੋ ਗਿਆ ਹੈ ਅੱਗੇ ਕੋਈ ਹੋਰ ਰਾਸਤਾ ਹੀ ਨਹੀਂ ਰਿਹਾ। ਥੱਲੇ ਵਲ ਝਾਤ ਮਾਰੀ ਤਾਂ ਮੇਰੇ ਅੱਗੇ ਬੜੀ ਡੂੰਘੀ ਖੱਡ ਜਿਸ ਵਿੱਚ ਦਰਿਆ ਦਾ ਪਾਣੀ ਉੱਚੀਆਂ ਛੱਲਾਂ ਮਾਰੇ। ਫੇਰ ਅੱਚਨਚੇਤ ਮੈਨੂੰ ਕਿਸੇ ਨੇ ਪਿੱਛੋਂ ਜ਼ੋਰ ਦਾ ਧੱਕਾ ਮਾਰਿਆ ਤੇ ਨੀਚੇ ਡਿੱਗਣ ਲੱਗਿਆਂ ਮੇਰੀ ਚੀਕ ਨਿਕਲ ਗਈ: ਗੁਰੂ ਜੀ ਮੈਨੂੰ ਬੱਚਾਓ! ਜਾਗ ਖੁੱਲ੍ਹਦਿਆਂ ਮੈਂ ਦੇਖਿਆ ਕਿ ਮੈਂ ਤਾਂ ਇੱਥੇ ਤੁਹਾਡੇ ਵਿੱਚਕਾਰ ਸੌਂ ਰਿਹਾ ਸਾਂ। ਸ਼ੇਰ ਸਿੰਘ ਜੀ ਦੇ ਡਰਾਉਣੇ ਸੁਪਨੇ ਨੂੰ ਸੁਣ ਕੇ ਉੱਥੇ ਬੈਠੇ ਕਈ ਲੋਕ ਤਾਂ ਡਰ ਨਾਲ ਸਹਿਮ ਹੀ ਗਏ।

ਡੇਰਾ ਮੁੱਖੀ ਗਿਆਨੀ ਬਾਬਾ ਜੀ ਨੇ ਸਭ ਸੰਗਤਾਂ ਦਾ ਧਿਆਨ ਆਪਣੇ ਵਲ ਖਿੱਚ ਕੇ ਸੁਪਨੇ ਤੋਂ ਜਾਗੇ ਸਿੱਖ ਨੂੰ ਸੰਬੋਧਨ ਕੀਤਾ। ਸ਼ੇਰ ਸਿੰਘ ਜੀ ਯਾਦ ਹੈ? ਕੁੱਝ ਦਿਨ ਹੋਏ ਨੌਵੇਂ ਗੁਰੂ ਮਹਾਰਾਜ ਤੇਗ ਬਹਾਦਰ ਜੀ ਦੇ ਇਸ ਸ਼ਲੋਕ

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
Like a dream and a show, so is this world, you must know.
ਇਨ ਮੈ ਕਛੁ ਸਾਚੋ ਨਹੀ, ਨਾਨਕ ਬਿਨੁ ਭਗਵਾਨ।
None of this is true O Nanak, without God. II 23II

ਤੇ ਵਿਚਾਰ ਚੱਲ ਰਹੀ ਸੀ ਤੇ ਤੂੰ ਉਸ ਵੇਲੇ ਇਸ ਸ਼ਲੋਕ ਦੀ ਹੋਰ ਵਿਆਖਿਆ ਕਰਨ ਲਈ ਬੇਨਤੀ ਕੀਤੀ ਸੀ। ਤੂੰ ਕਿਹਾ ਸੀ ਕਿ ਇਹ ਜੱਗ ਇਹ ਸੰਸਾਰ ਜਿਸ ਵਿੱਚ ਅਸੀਂ ਵਿਚਰ ਰਹੇ ਹਾਂ, ਇੱਕ ਦੂਜੇ ਨਾਲ ਸਪੱਰਸ਼ ਜਾਂ ਗੱਲਬਾਤ ਕਰ ਰਹੇ ਹਾਂ, ਪਰਸਪਰ ਪ੍ਰਭਾਵਸ਼ੀਲ ਹੋ ਸਕਦੇ ਹਾਂ। ਮੈਨੂੰ ਤਾਂ ਇਹ ਅਸਲੀ, ਹਕੀਕੀ ਤੇ ਸੱਚ ਲੱਗਦਾ ਹੈ ਸੁਪਨਾ ਨਹੀਂ। ਤੇਰੇ ਵਾਂਗ ਹੋਰ ਵੀ ਕਈ ਇਸ ਤਰ੍ਹਾਂ ਦੀ ਸੋਚ ਰੱਖਦੇ ਹਨ। ਉਹ ਆਪਣੀ ਥਾਂ ਤੇ, ਆਪਣੇ ਦ੍ਰਿਸ਼ਟੀ ਕੋਣ ਜਾਂ ਨੁਕਤਾ ਨਜ਼ਰੀਏ ਤੋਂ ਠੀਕ ਵੀ ਹੋਣਗੇ।

ਪਰ ਹੁਣੇ ਹੁਣੇ ਤੂੰ ਆਪਣੇ ਸੁਪਨੇ ਬਾਰੇ ਜੋ ਬਰਨਣ ਕੀਤਾ ਹੈ। ਜਦੋਂ ਤੂੰ ਉਸ ਸੁਪਨੇ ਦੀ ਲਪੇਟ ਵਿੱਚ ਪਸੀਨੋ ਪਸੀਨੀ, ਸਾਹੋ ਸਾਹ ਹੋਈ ਕੰਬ ਰਿਹਾ ਸੈਂ ਤੇ ਉੱਚੀ ਲੇਰ ਮਾਰ ਕੇ ਮਦਦ ਮੰਗੀ, ਕੀ ਤੈਨੂੰ ਉਸ ਵੇਲੇ ਉਹ ਸਥਿਤੀ ਅਸਲੀ ਹਕੀਕੀ ਜਾਂ ਸੱਚ ਨਹੀਂ ਸੀ ਲੱਗ ਰਹੀ?


ਸ਼ੇਰ ਸਿੰਘ ਨੇ ਜਵਾਬ ਵਿੱਚ ਕਿਹਾ, ਬਾਬਾ ਜੀ ਮੇਰੇ ਵਾਲਦੈਨ, ਭੈਣ ਭਰਾ, ਪੁਲਸ ਦੇ ਸਿਪਾਹੀ ਤੇ ਸੁਪਨੇ ਵਿੱਚ ਹੋਰ ਲੋਕ ਵਿਸ਼ੇਸ਼ ਕਰਕੇ ਉਹ ਜਿਸ ਨੇ ਮੈਨੂੰ ਪਹਾੜੀ ਤੋਂ ਥੱਲੇ ਧੱਕਾ ਦਿੱਤਾ ਸੀ ਬਿਲਕੁਲ ਸੱਚ। ਉਹ ਵੀ ਨਿਰੋਲ ਸੱਚ ਸੀ ਜਦੋਂ ਸੁਪਨੇ ਵਿੱਚ ਮੈਂ ਅਪਣੀ ਜਾਨ ਬਚਾਉਣ ਲਈ ਵਾਹੋ ਦਾਹੀ ਦੌੜੀ ਜਾ ਰਿਹਾ ਸਾਂ। ਸਾਹ ਨਾਲ ਸਾਹ ਨਹੀਂ ਸੀ ਰਲਦਾ, ਸ੍ਰੀਰ ਪਸੀਨੋ ਪਸੀਨੀ ਹੁੰਦਾ ਜਾ ਰਿਹਾ ਸੀ ਪਤਾ ਹੀ ਨਹੀਂ ਸੀ ਚਲਦਾ ਹੁਣ ਕਿੱਧਰ ਜਾਵਾਂ? ਪਰ ਜਦੋਂ ਜਾਗ ਖੁੱਲੀ ਕੇਵਲ ਉਦੋਂ ਹੀ ਪਤਾ ਚੱਲਿਆ ਕਿ ਮੈਂ ਤਾਂ ਸੁਪਨੇ ਵਿੱਚ ਵਿਚਰ ਰਿਹਾ ਸਾਂ, ਜਿਸ ਸੁਪਨੇ ਨੂੰ ਉਸ ਵੇਲੇ ਮੈਂ ਹਕੀਕਤ ਮੰਨੀ ਬੈਠਾ ਸਾਂ।

# ਲੁਧਿਆਣਾ 'ਚ ਬਿਨਾਂ ਛੱਤ ਤੋਂ ਭੁੰਜੇ ਸੌਂਦੇ ਬਿਮਾਰ ਬਜ਼ੁਰਗ ਨੂੰ ਮਿਲਿਆ ਸਵਰਗ ਰੂਪੀ ਰਹਿਣ ਬਸੇਰਾ

## (ਕਿੱਥੇ ਭੁੱਖੇ ਪੇਟ ਸੜਕਾਂ ਕਿਨਾਰੇ ਭੁੰਜੇ ਹੱਡ ਰਗੜਨੇ, ਹੁਣ ਰੱਜਵਾਂ ਭੋਜਨ ਤੇ ਗਦੈਲਿਆਂ 'ਤੇ ਸੌਣਾ)



ਬਿਮਾਰ ਬਜ਼ੁਰਗ ਸ਼ੰਕਰ ਨੂੰ ਪਾਰਕ 'ਚੋਂ ਚੁੱਕਦੇ ਹੋਏ ਡਾ. ਨੌਰੰਗ ਸਿੰਘ ਮਾਂਗਟ ਤੇ ਸੇਵਾਦਾਰ



ਰਾਤ ਸਮੇਂ ਆਸ਼ਰਮ 'ਚ ਪਿਆ ਉਹੀ ਲਵਾਰਸ ਬਜ਼ੁਰਗ ਸ਼ੰਕਰ

14 ਦਸੰਬਰ ਨੂੰ ਲੁਧਿਆਣਾ ਸ਼ਹਿਰ ਦੇ ਮਾਡਲ ਟਾਊਨ 'ਚ ਪੈਂਦੇ ਤਿਕੋਨਾ ਪਾਰਕ 'ਚ ਖੁਲ੍ਹੇ ਅਸਮਾਨ ਥੱਲੇ ਭੁੰਜੇ ਸੌਣ ਵਾਲੇ ਲਾਵਾਰਸ ਬਿਮਾਰ ਬਜ਼ੁਰਗ ਨੂੰ ਸਰਾਭਾ ਆਸ਼ਰਮ ਦੇ ਮੁੱਖ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਅਤੇ ਉਹਨਾਂ ਦੇ ਸਹਿਯੋਗੀ ਸੇਵਾਦਾਰ ਚੁੱਕ ਕੇ ਸਰਾਭਾ ਪਿੰਡ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ 'ਚ ਲੈ ਆਏ । ਆਸ਼ਰਮ 'ਚ ਮਿਲਦੀ ਮੈਡੀਕਲ ਸਹਾਇਤਾ ਅਤੇ ਹੋਰ ਸੁਵਿਧਾਵਾਂ ਨੇ ਉਸ ਦੀ ਜ਼ਿੰਦਗੀ ਹੀ ਰੁਸ਼ਨਾ ਦਿੱਤੀ। ਪਿਛਲੇ ਕੁੱਝ ਹਫ਼ਤਿਆਂ ਤੋਂ 65 ਸਾਲਾ ਸ਼ੰਕਰ ਨਾਮ ਦਾ ਇਹ ਲਵਾਰਸ ਮਰੀਜ਼ ਲੁਧਿਆਣਾ ਮਾਡਲ ਟਾਊਨ ਦੇ ਤਿਕੋਨਾ ਪਾਰਕ ਵਿੱਚ ਪਿਆ ਸੀ। ਇਸ ਪਾਰਕ ਦੇ ਨਜ਼ਦੀਕ ਹੀ ਰਹਿਣ ਵਾਲੀ ਨਿਸ਼ੂ ਨਾਮ ਦੀ ਲੜਕੀ ਨੇ ਆਸ਼ਰਮ ਵਿੱਚ ਫ਼ੋਨ ਕਰਕੇ ਉਪਰੋਕਤ ਬਜ਼ੁਰਗ ਦੇ ਪਾਰਕ ਵਿੱਚ ਪਿਆ ਹੋਣ ਬਾਰੇ ਦੱਸਿਆ। ਉਸ ਨੇ ਦੱਸਿਆ ਕਿ ਇਹ ਬਜ਼ੁਰਗ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦਾ ਹੈ ਅਤੇ ਇਸਦੀ ਹਾਲਤ ਬਹੁਤ ਖਰਾਬ ਹੈ। ਜੇਕਰ ਇਸਨੂੰ ਰਹਿਣ ਲਈ ਯੋਗ ਜਗ੍ਹਾ ਤੇ ਮੈਡੀਕਲ ਸਹਾਇਤਾ ਨਾ ਮਿਲੀ ਤਾਂ ਇਸਦਾ ਬਚਣਾ ਅਸੰਭਵ ਹੈ। ਆਸ਼ਰਮ ਦੇ ਮੁੱਖ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ, ਸੇਵਾਦਾਰ ਪ੍ਰੇਮ ਸਿੰਘ ਅਤੇ ਡਰਾਇਵਰ ਹਰਦੀਪ ਸਿੰਘ ਨੇ ਤੁਰੰਤ ਉਸ ਪਾਰਕ ਵਿੱਚ ਪਹੁੰਚ ਕੇ ਦੇਖਿਆ ਕਿ ਬਜ਼ੁਰਗ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਸੀ । ਹੱਥਾਂ - ਪੈਰਾਂ ਦੇ ਵਧੇ ਹੋਏ ਨੰਹੁ, ਪੈਰਾਂ ਤੋਂ ਨੰਗਾ, ਤਨ ਤੇ ਪਾਏ ਮੈਲੇ-ਕੁਚੈਲੇ ਕੱਪੜਿਆਂ ਦੇ ਵਿੱਚ ਹੀ ਮਲ-ਮੂਤਰ ਅਤੇ ਲੈਟਰੀਨ ਆਦਿ ਕੀਤੀ ਹੋਈ ਸੀ। ਇਹਨਾਂ ਦੇ ਕੋਲੋਂ ਬਹੁਤ ਬਦਬੂ ਮਾਰ ਰਹੀ ਸੀ। ਆਸ਼ਰਮ ਦੇ ਸੇਵਾਦਰਾਂ ਵੱਲੋਂ ਇਸ ਬਜ਼ੁਰਗ ਨੂੰ ਚੁੱਕ ਕੇ ਆਸ਼ਰਮ 'ਚ ਲਿਆਂਦਾ ਗਿਆ। ਆਸ਼ਰਮ 'ਚ ਇਸਨੂੰ ਇਸ਼ਨਾਨ ਕਰਵਾਇਆ ਗਿਆ, ਪ੍ਰਸ਼ਾਦਾ-ਪਾਣੀ ਛਕਾਇਆ ਗਿਆ, ਮੰਜਾਂ-ਬਿਸਤਰਾ ਦਿੱਤਾ ਗਿਆ ਅਤੇ ਮੈਡੀਕਲ ਸਹਾਇਤਾ ਦਿੱਤੀ ਗਈ। ਹਾਲਤ ਵਿੱਚ ਕੁਝ ਸੁਧਾਰ ਹੋਣ ਉਪਰੰਤ ਇਹਨਾਂ ਨਾਲ ਗੱਲ-ਬਾਤ ਕੀਤੀ ਗਈ ਤਾਂ ਇਹਨਾ ਨੇ ਦੱਸਿਆ ਕਿ ਇਹ 12 ਸਾਲ ਦੀ ਉਮਰ 'ਚ ਹੀ ਲੁਧਿਆਣੇ ਆ ਗਏ ਸਨ। ਉਸ ਸਮੇਂ ਤੋਂ ਹੀ ਲੁਧਿਆਣੇ ਵਿੱਚ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ। ਰਹਿਣ ਲਈ ਕੋਈ ਜਗ੍ਹਾ ਨਾ ਹੋਣ ਕਰਕੇ ਜ਼ਿਆਦਾ ਤਰ ਇਹ ਸੜਕਾਂ ਕਿਨਾਰੇ ਜਾਂ ਮੰਦਰਾਂ ਦੇ ਬਾਹਰ ਹੀ ਸੌਂ ਜਾਂਦੇ ਸਨ। ਹੁਣ ਕੁੱਝ ਹਫ਼ਤਿਆਂ ਤੋਂ ਇਹ ਮਾਡਲ ਟਾਊਨ ਦੇ ਤ੍ਰਿਕੋਨਾ ਪਾਰਕ ਵਿੱਚ ਭੁੰਜੇ ਹੀ ਸੌਂਦੇ ਸਨ। ਉਮਰ ਜ਼ਿਆਦਾ ਹੋਣ ਕਰਕੇ ਹੁਣ ਕੋਈ ਕੰਮ-ਕਾਜ ਵੀ ਨਹੀਂ ਮਿਲਦਾ ਸੀ, ਜਿਸ ਕਰਕੇ ਕਈ ਵਾਰ ਭੁੱਖਾ ਹੀ ਸੌਣਾ ਪੈਂਦਾ ਸੀ । ਹੁਣ ਆਸ਼ਰਮ 'ਚ ਆਉਣ ਉਪਰੰਤ ਚੰਗੀ ਸੇਵਾ-ਸੰਭਾਲ ਦਾ ਸਦਕਾ ਇਹ ਬਜ਼ੁਰਗ ਬਹੁਤ ਖੁਸ਼ ਦਿਖਾਈ ਦੇ ਰਹੇ ਹਨ ਕਿਉਂਕਿ ਕਿੱਥੇ ਭੁੱਖੇ ਪੇਟ ਸੜਕਾਂ ਕਿਨਾਰੇ ਭੁੰਜੇ ਹੱਡ ਰਗੜਨੇ, ਹੁਣ ਰੱਜਵਾਂ ਭੋਜਨ ਤੇ ਗਦੈਲਿਆਂ 'ਤੇ ਸੌਣਾ ।

ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਸੈਂਕੜੇ ਹੀ ਮਰੀਜ਼ਾਂ ਨੂੰ ਸੜਕਾਂ ਤੋਂ ਚੁੱਕ ਕੇ ਇਸ ਆਸ਼ਰਮ 'ਚ ਲਿਆਂਦਾ ਗਿਆ ਹੈ। ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਪੱਕੇ ਤੌਰ 'ਤੇ ਰਹਿੰਦੇ ਹਨ ਜਿਨ੍ਹਾਂ 'ਚ ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ।

# ਯੌਰਪ 'ਚ ਇਸਲਾਮ ਲਈ ਨਹੀਂ ਕੋਈ ਥਾਂ - ਜੌਰਜੀਆ ਮਲੋਨੀ



ਰੋਮ: ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮਲੋਨੀ ਅਕਸਰ ਆਪਣੇ ਬਿਆਨਾਂ ਕਾਰਨ ਚਰਚਾ 'ਚ ਰਹਿੰਦੀ ਹੈ। ਹੁਣ ਇੱਕ ਤਾਜ਼ਾ ਬਿਆਨ 'ਚ ਮਲੋਨੀ ਨੇ ਕਿਹਾ ਹੈ ਕਿ ਇਸਲਾਮਿਕ ਸਭਿਆਚਾਰ ਅਤੇ ਯੌਰਪੀ ਸਭਿਆਚਾਰ ਦਾ ਆਪਸ 'ਚ ਕੋਈ ਮੇਲ ਨਹੀਂ। ਅਜਿਹੇ 'ਚ ਯੌਰਪ 'ਚ ਇਸਲਾਮ ਦੀ ਕੋਈ ਥਾਂ ਨਹੀਂ। ਮਲੋਨੀ ਨੇ ਕਿਹਾ ਕਿ ਇਟਲੀ 'ਚ ਇਸਲਾਮ ਦੇ ਸਭਿਆਚਾਰਕ ਕੇਂਦਰਾਂ ਨੂੰ ਸਾਊਦੀ ਅਰਬ ਵਲੋਂ ਫ਼ੰਡ ਦਿੱਤਾ ਜਾ ਰਿਹਾ ਹੈ ਜਿੱਥੇ ਸ਼ਰੀਆ ਕਾਨੂੰਨ ਲਾਗੂ ਹੈ। ਯੌਰਪ 'ਚ ਇਸਲਾਮੀਕਰਨ ਦੀ ਜੋ ਪ੍ਰਕਿਰਿਆ ਚਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਸਾਡੀ ਸਭਿਅਤਾ ਦੀਆਂ ਕਦਰਾਂ-ਕੀਮਤਾਂ ਤੋਂ ਕੋਹਾਂ ਦੂਰ ਹੈ। ਅਜਿਹੀ ਸਥਿਤੀ 'ਚ ਮੁਸਲਮਾਨਾਂ ਨੂੰ ਯੌਰਪ ਤੋਂ ਦੂਰ ਰਹਿਣਾ ਚਾਹੀਦਾ ਹੈ। ਇਟਲੀ ਦੇ PM ਨੇ ਇਸਲਾਮੀ ਸਭਿਅਤਾ ਨੂੰ ਯੌਰਪ ਤੋਂ ਦੂਰ ਰਹਿਣਾ ਬਿਹਤਰ ਦੱਸਦਿਆਂ ਕਿਹਾ ਕਿ ਸਾਡੀ ਸਭਿਅਤਾ ਅਤੇ ਇਸਲਾਮੀ ਕਦਰਾਂ-ਕੀਮਤਾਂ 'ਚ ਕੋਈ ਮੇਲ ਨਹੀਂ, ਦੋਵੇਂ ਇੱਕ-ਦੂਜੇ ਦੀਆਂ ਵਿਰੋਧੀ ਹਨ। ਜੌਰਜੀਆ ਮਲੋਨੀ ਦੀ ਇਹ ਟਿਪਣੀ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇ ਉਸ ਬਿਆਨ ਤੋਂ ਬਾਅਦ ਆਈ ਹੈ ਜਿਸ 'ਚ ਉਨ੍ਹਾਂ ਨੇ ਕਿਹਾ ਹੈ ਕਿ ਯੌਰਪ ਦੀ ਸੰਸਕ੍ਰਿਤੀ ਨੂੰ ਗ਼ੈਰ-ਕਾਨੂੰਨੀ ਪ੍ਰਵਾਸੀਆਂ ਤੋਂ ਖ਼ਤਰਾ ਹੈ। ਦਰਅਸਲ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਆਪਣੀ ਹਾਲੀਆ ਇਟਲੀ ਫ਼ੇਰੀ ਦੌਰਾਨ ਕਿਹਾ ਹੈ ਕਿ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਵੱਧਦੀ ਗਿਣਤੀ ਯੌਰਪੀ ਸਮਾਜ ਨੂੰ ਅਸਥਿਰ ਕਰ ਦੇਵੇਗੀ। ਅਜਿਹੀ ਸਥਿਤੀ 'ਚ ਸਾਨੂੰ ਆਪਣੇ ਕਾਨੂੰਨਾਂ ਨੂੰ ਅਪਡੇਟ ਕਰਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਗੱਲਬਾਤ ਕਰਨ ਦੀ ਲੋੜ ਹੈ। ਤਾਂ ਜੋ ਗ਼ੈਰ-ਕਾਨੂੰਨੀ ਪ੍ਰਵਾਸੀਆਂ ਅਤੇ ਯੌਰਪ ਦੀ ਸਮੱਸਿਆ ਨੂੰ ਪ੍ਰਭਾਵਿਤ ਹੋਣ ਤੋਂ ਬਚਾਇਆ ਜਾ ਸਕੇ। ਸੁਨਕ ਤੋਂ ਬਾਅਦ ਹੁਣ ਜੌਰਜੀਆ ਨੇ ਇਸਲਾਮ ਅਤੇ ਯੌਰਪ 'ਚ ਆਉਣ ਵਾਲੇ ਮੁਸਲਮਾਨਾਂ ਨੂੰ ਲੈ ਕੇ ਇਹ ਬਿਆਨ ਦਿੱਤਾ।

ਜੌਰਜੀਆ ਮਲੋਨੀ ਇਟਲੀ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਹੈ। ਉਹ ਇਟਲੀ ਦੀ ਸੱਜੇ-ਪੱਖੀ ਪਾਰਟੀ ਬ੍ਰਦਰਜ਼ ਔਫ਼ ਇਟਲੀ ਦੀ ਆਗੂ ਹੈ। ਇਟਲੀ ਦੇ ਪਹਿਲੇ ਪ੍ਰਧਾਨ ਮੰਤਰੀ ਬਣਨ ਤੋਂ ਇਲਾਵਾ 31 ਸਾਲ ਦੀ ਉਮਰ 'ਚ ਇਟਲੀ ਦੀ ਸਭ ਤੋਂ ਛੋਟੀ ਉਮਰ ਦੀ ਮੰਤਰੀ ਬਣਨ ਦਾ ਰਿਕਾਰਡ ਵੀ ਉਨ੍ਹਾਂ ਦੇ ਨਾਂ ਹੈ। ਜੌਰਜੀਆ ਅਕਸਰ ਆਪਣੇ ਬਿਆਨਾਂ ਅਤੇ ਸੱਜੇ ਪੱਖੀ ਝੁਕਾਅ ਕਾਰਨ ਸੁਰਖ਼ੀਆਂ 'ਚ ਰਹੀ ਹੈ।

# OTL Midlands Ltd.


Founder of O.T.L Midlands Ltd

O.T.L. Midlands Ltd.




ਕੰਪਨੀ ਦੇ ਡਾਇਰੈਕਟਰ ਸਨੀ ਚਾਹਲ, ਮੈਨੇਜਰ ਕੀਥ ਅਤੇ ਸਮੂਹ ਸਟਾਫ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

PARTNERSHIP HOUSE, Shale Street, Bilston,W. Mids. WV14 0HF
Tel : 01902 665 611 Fax 01902 665 112


# ਨਿਊ ਜ਼ੀਲੈਂਡ ’ਚ ਤਿੰਨ ਔਰਤਾਂ ’ਤੇ ਹਮਲਾ ਕਰਨ ਵਾਲੇ ਭਾਰਤੀ ਨਾਗਰਿਕ ਨੂੰ ਸੁਣਾਈ ਗਈ ਸਜ਼ਾ

ਓਕਵਿਲ: ਨਿਊ ਜ਼ੀਲੈਂਡ ’ਚ ਸੋਮਵਾਰ ਨੂੰ ਇੱਕ ਭਾਰਤੀ ਨਾਗਰਿਕ ਨੂੰ ਸਜ਼ਾ ਸੁਣਾਈ ਗਈ। ਸਜ਼ਾ ’ਚ ਨਿਊ ਜ਼ੀਲੈਂਡ ਦੇ ਬੀਚ ’ਤੇ ਤਿੰਨ ਔਰਤਾਂ ਨਾਲ ਫ਼ੋਟੋ ਖਿੱਚਵਾਉਣ ਦੇ ਬਹਾਨੇ ਉਨ੍ਹਾਂ ’ਤੇ ਹਮਲਾ ਕਰਨ ਵਾਲੇ 67 ਸਾਲਾ ਭਾਰਤੀ ਨਾਗਰਿਕ ਨੂੰ ਪੀੜਤਾਂ ਨੂੰ 3,000 ਨਿਊ ਜ਼ੀਲੈਂਡ ਡਾਲਰ ਅਦਾ ਕਰਨ ਦਾ ਹੁਕਮ ਦਿੱਤਾ ਗਿਆ। ਨਿਊਜ਼ ਵੈੱਬਸਾਈਟ Stuff.co.nz ਦੀ ਰਿਪੋਰਟ ਮੁਤਾਬਿਕ ਜਵਾਹਰ ਸਿੰਘ ਨੇ ਪਹਿਲਾਂ ਨੈਲਸਨ ਦੇ ਤਾਹੁਨਾਨੁਈ ਬੀਚ ’ਤੇ ਤਿੰਨ ਘਟਨਾਵਾਂ ਨਾਲ ਸਬੰਧਤ ਅਸ਼ਲੀਲ ਹਮਲੇ ਦੇ ਤਿੰਨ ਦੋਸ਼ਾਂ ਅਤੇ ਅਸ਼ਲੀਲ ਹਰਕਤ ਦੇ ਇੱਕ ਦੋਸ਼ ਲਈ ਦੋਸ਼ ਸਵੀਕਾਰ ਕੀਤਾ ਸੀ। ਨੈਲਸਨ ਜ਼ਿਲ੍ਹਾ ਅਦਾਲਤ ’ਚ ਜੱਜ ਜੋ ਰਿਲੀ ਨੇ ਕਿਹਾ ਕਿ ਸਿੰਘ ਨੇ ਖ਼ੁਦ ਨੂੰ ਅਤੇ ਆਪਣੇ ਪੁੱਤਰ ਨੂੰ ਸ਼ਰਮਸਾਰ ਕੀਤਾ ਹੈ ਜਿਸ ਨੂੰ ਉਹ ਨਿਊ ਜ਼ੀਲੈਂਡ ’ਚ ਮਿਲਣ ਆਇਆ ਸੀ। ਵੈੱਬਸਾਈਟ ਮੁਤਾਬਿਕ, “ਸਿੰਘ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਉਸ ਦੀਆਂ ਤਿੰਨ ਪੀੜਤਾਂ ’ਚੋਂ ਹਰੇਕ ਨੂੰ ਭਾਵਨਾਤਮਕ ਨੁਕਸਾਨ ਦੇ ਹਰਜਾਨੇ ਵਜੋਂ ਇੱਕ ਹਜ਼ਾਰ ਨਿਊ ਜ਼ੀਲੈਂਡ ਡਾਲਰ ਅਦਾ ਕਰਨ ਦੀ ਸਜ਼ਾ ਸੁਣਾਈ।” ਪੁੱਛਗਿੱਛ ਦੌਰਾਨ ਸਿੰਘ ਨੇ ਪੁਲੀਸ ਨੂੰ ਦੱਸਿਆ ਕਿ ਉਹ ਬੀਚ ’ਤੇ ਔਰਤਾਂ ਨੂੰ ਮਿਲਿਆ ਸੀ, ਪਰ ਉਨ੍ਹਾਂ ਨਾਲ ਗੱਲ ਨਹੀਂ ਕੀਤੀ। ਸਜ਼ਾ ਸੁਣਾਉਣ ਦੌਰਾਨ ਜੱਜ ਰਿਲੀ ਨੇ ਕਿਹਾ ਕਿ ਔਰਤਾਂ ਕਾਫ਼ੀ ਹੱਦ ਤਕ ਘਬਰਾਈਆਂ ਅਤੇ ਡਰੀਆਂ ਹੋਈਆਂ ਸਨ। ਸਿੰਘ ਦੇ ਵਕੀਲ ਟੋਨੀ ਬੈਮਫ਼ੋਰਡ ਨੇ ਅਦਾਲਤ ’ਚ ਇੱਕ ਪੱਤਰ ਪੇਸ਼ ਕੀਤਾ ਜਿਸ ’ਚ ਉਸ ਨੇ ਨਿਊ ਜ਼ੀਲੈਂਡ ’ਚ ਇੱਕ ਪਸ਼ੂ ਭਲਾਈ ਸੰਸਥਾ ’ਚ 190 ਘੰਟੇ ਦੇ ਕਮਿਊਨਿਟੀ ਕੰਮ ਦੀ ਪੁਸ਼ਟੀ ਕੀਤੀ। ਰਿਲੀ ਨੇ ਕਿਹਾ ਕਿ ਸਿੰਘ ਦੇ ਬੇਟੇ ਨੇ ਭਾਰਤ ਪਰਤਣ ’ਤੇ ਉਸ ਲਈ ਕਾਊਂਸਲਿੰਗ ਦਾ ਆਯੋਜਨ ਕੀਤਾ ਅਤੇ ਉਸ ਨੇ ਸਵੀਕਾਰ ਕੀਤਾ ਕਿ ਉਸ ਦੇ ਪਿਤਾ ਲਈ ਹੁਣ ਨਿਊ ਜ਼ੀਲੈਂਡ ’ਚ ਰਹਿਣਾ ਉਚਿਤ ਨਹੀਂ। ਸਿੰਘ, ਜੋ ਮੰਗਲਵਾਰ ਨੂੰ ਭਾਰਤ ਲਈ ਰਵਾਨਾ ਹੋ ਗਿਆ, ਨੂੰ ਆਪਣੀ ਗ਼ਲਤੀ ਦਾ ਪਛਤਾਵਾ ਹੈ।




# ਰਤਨ ਟਾਟਾ ਨੂੰ ਧਮਕੀ ਦੇਣ ਵਾਲੇ ਦਾ ਮੁੰਬਈ ਪੁਲੀਸ ਨੇ ਲਗਾਇਆ ਪਤਾ

ਮੁੰਬਈ: ਮੁੰਬਈ ਪੁਲੀਸ ਨੇ ਕਿਹਾ ਕਿ ਉਸ ਨੇ MBA ਪਾਸ ਵਿਅਕਤੀ ਦਾ ਪਤਾ ਲਗਾ ਲਿਆ ਹੈ ਜਿਸ ਨੇ ਟਾਟਾ ਸੰਨਜ਼ ਦੇ ਸਾਬਕਾ ਚੇਅਰਮੈਨ ਰਤਨ ਟਾਟਾ ਨੂੰ ਧਮਕੀ ਭਰਿਆ ਫ਼ੋਨ ਕੀਤਾ ਸੀ। ਪੁਲੀਸ ਨੇ ਕਿਹਾ ਕਿ ਜਾਂਚ ਦੌਰਾਨ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਇੱਕ ਮਾਨਸਿਕ ਰੋਗੀ ਹੈ। ਮੁੰਬਈ ਪੁਲੀਸ ਦੇ ਅਧਿਕਾਰੀ ਨੇ ਕਿਹਾ ਕਿ ਨੌਜਵਾਨ ਨੇ ਪੁਲੀਸ ਨੂੰ ਰਤਨ ਟਾਟਾ ਦੀ ਸੁਰੱਖਿਆ ਵਧਾਉਣ ਲਈ ਕਿਹਾ। ਅਜਿਹਾ ਨਾ ਕਰਨ ’ਤੇ ਉਸ ਨੇ ਚਿਤਾਵਨੀ ਦਿੱਤੀ ਕਿ ਟਾਟਾ ਦਾ ਹਾਲ ਵੀ ਟਾਟਾ ਸੰਨਜ਼ ਦੇ ਸਾਬਕਾ ਚੇਅਰਮੈਨ ਸਾਇਰਸ ਮਿਸਤਰੀ ਵਰਗਾ ਹੀ ਹੋਵੇਗਾ। ਮਿਸਤਰੀ ਦੀ 4 ਸਤੰਬਰ 2022 ਨੂੰ ਕਾਰ ਹਾਦਸੇ ’ਚ ਮੌਤ ਹੋ ਗਈ। ਫ਼ੋਨ ਤੋਂ ਬਾਅਦ ਮੁੰਬਈ ਪੁਲੀਸ ਪੂਰੀ ਤਰ੍ਹਾਂ ਚੌਕਸ ਹੋ ਗਈ ਤੇ ਰਤਨ ਟਾਟਾ ਦੀ ਨਿੱਜੀ ਸੁਰੱਖਿਆ ਲਈ ਇੱਕ ਵਿਸ਼ੇਸ਼ ਟੀਮ ਨੂੰ ਨਿਯੁਕਤ ਕੀਤਾ ਗਿਆ ਜਦ ਕਿ ਦੂਜੇ ਟੀਮ ਫ਼ੋਨ ਕਰਨ ਵਾਲੇ ਬਾਰੇ ਪਤਾ ਲਾਉਣ ਲੱਗੀ। ਪੁਲੀਸ ਨੇ ਕਿਹਾ ਕਿ ਫ਼ੋਨ ਕਰਨ ਵਾਲੇ ਦਾ ਟਿਕਾਣਾ ਕਰਨਾਟਕ ’ਚ ਪਾਇਆ ਗਿਆ। ਪੁਲੀਸ ਨੇ ਕਿਹਾ ਕਿ ਉਹ ਪੁਣੇ ਦਾ ਰਹਿਣ ਵਾਲਾ ਸੀ ਜਦੋਂ ਪੁਲੀਸ ਉਸ ਦੇ ਪੁਣੇ ਸਥਿਤ ਘਰ ਪਹੁੰਚੀ ਤਾਂ ਪਤਾ ਲੱਗਾ ਕਿ ਉਹ ਕੁੱਝ ਦਿਨਾਂ ਤੋਂ ਲਾਪਤਾ ਹੈ ਅਤੇ ਉਸ ਦੀ ਪਤਨੀ ਨੇ ਸ਼ਹਿਰ ਦੇ ਭੋਸਰੀ ਪੁਲੀਸ ਸਟੇਸ਼ਨ ’ਚ ਇਸ ਬਾਰੇ ਸ਼ਿਕਾਇਤ ਵੀ ਦਰਜ ਕਰਵਾਈ ਸੀ।




## ਸ. ਤੀਰਥ ਸਿੰਘ ਉੱਪਲ ਵੱਲੋਂ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।




# ਖ਼ਰਬੂਜ਼ੇ ਤੋਂ ਫ਼ੈਲ ਰਹੀ ਰਹੱਸਮਈ ਬੀਮਾਰੀ ਕਾਰਨ ਛੇ ਮੌਤਾਂ, 150 ਤੋਂ ਵੱਧ ਨਵੇਂ ਮਾਮਲੇ

ਵੈਨਕੂਵਰ: ਮਾਲੀਚੀਟਾ ਅਤੇ ਰੂਡੀ ਬ੍ਰੈਂਡ ਦੇ ਕੈਂਟਾਲੂਪਸ ਨਾਲ ਜੁੜੇ ਸੈਲਮੋਨੈਲਾ ਦੇ ਇੱਕ ਤਾਜ਼ਾ ਪ੍ਰਕੋਪ ਦੇ ਨਤੀਜੇ ਵਜੋਂ ਛੇਵੇਂ ਕੈਨੇਡੀਅਨ ਦੀ ਮੌਤ ਹੋ ਗਈ ਹੈ ਅਤੇ ਹੁਣ ਤਕ ਬੀਮਾਰੀ ਦੇ 153 ਮਾਮਲੇ ਸਾਹਮਣੇ ਆਏ ਹਨ। ਇਹ ਪ੍ਰਕੋਪ ਕਈ ਪ੍ਰਾਂਤਾਂ ’ਚ ਫ਼ੈਲ ਗਿਆ ਹੈ ਜਿਸ ਨਾਲ ਵੱਖ-ਵੱਖ ਉਮਰ ਵਰਗ ਦੇ ਲੋਕ ਪ੍ਰਭਾਵਿਤ ਹੋਏ ਹਨ। ਸਿਹਤ ਵਿਭਾਗ ਦੇ ਅਧਿਕਾਰੀ ਹਰ ਉਸ ਇਲਾਕੇ ਦੀ ਸਫ਼ਾਈ ਕਰਨ ’ਚ ਲੱਗੇ ਹੋਏ ਹਨ ਜਿੱਥੇ ਖ਼ਰਬੂਜ਼ੇ ਪੈਦਾ ਹੁੰਦੇ ਸਨ। US ਸੈਂਟਰ ਫ਼ੌਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (CDC) ਵੀ ਸੰਯੁਕਤ ਰਾਜ ’ਚ ਇਸ ਤਰ੍ਹਾਂ ਦੇ ਫ਼ੈਲਣ ਦੀ ਜਾਂਚ ਕਰ ਰਿਹਾ ਹੈ।

ਕੈਨੇਡੀਅਨ ਸਿਹਤ ਅਧਿਕਾਰੀਆਂ ਨੇ ਨਵੇਂ ਅਪਡੇਟ ’ਚ ਛੇ ਲੋਕਾਂ ਦੀ ਮੌਤ ਅਤੇ ਬੀਮਾਰੀ ਤੋਂ ਪੀੜਤ 153 ਲੋਕਾਂ ਦੀ ਪੁਸ਼ਟੀ ਕੀਤੀ ਹੈ। 7 ਦਸੰਬਰ ਨੂੰ ਸ਼ੁਰੂਆਤੀ ਅਪਡੇਟ ਤੋਂ ਬਾਅਦ ਇਹ ਸੰਖਿਆ ਲਗਾਤਾਰ ਵੱਧ ਰਹੀ ਹੈ ਜਿੱਥੇ ਪੰਜ ਮੌਤਾਂ ਅਤੇ 129 ਮਾਮਲੇ ਸਾਹਮਣੇ ਆਏ ਸਨ। ਪ੍ਰਭਾਵਿਤ ਵਿਅਕਤੀ ਬ੍ਰਿਟਿਸ਼ ਕੋਲੰਬੀਆ, ਐਲਬਰਟਾ, ਓਨਟੈਰੀਓ, PEI, ਨਿਊ ਬਰੰਜ਼ਵਿਕ, ਨੋਵਾ ਸਕੋਸ਼ੀਆ, ਨਿਊਫ਼ਾਊਂਡਲੈਂਡ ਅਤੇ ਲੈਬਰੇਡੋਰ ਸਮੇਤ ਵੱਖ-ਵੱਖ ਸੂਬਿਆਂ ਤੋਂ ਆਉਂਦੇ ਹਨ। ਜ਼ਿਕਰਯੋਗ ਹੈ ਕਿ ਕਿਊਬੈਕ ’ਚ ਸਭ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ ਜੋ ਸਿਰਫ਼ ਇੱਕ ਹਫ਼ਤੇ ’ਚ 91 ਤੋਂ ਵੱਧ ਕੇ 103 ਹੋ ਗਏ ਹਨ। ਸਭ ਤੋਂ ਵੱਧ ਪ੍ਰਭਾਵਿਤ ਵਿਅਕਤੀ ਛੇ ਸਾਲ ਤੋਂ ਘੱਟ ਉਮਰ ਦੇ ਬੱਚੇ (35%) ਜਾਂ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਾਲਗ (44%) ਹਨ।

ਬੁਖ਼ਾਰ, ਠੰਡ, ਮਤਲੀ, ਉਲਟੀਆਂ, ਦਸਤ, ਸਿਰਦਰਦ ਅਤੇ ਪੇਟ ’ਚ ਦਰਦ ਸਠਲਮੋਨੈਲਾ ਦੀ ਲਾਗ ਦੇ ਲੱਛਣਾਂ ਦਾ ਪਤਾ ਲੱਗ ਸਕਦਾ ਹੈ। 72 ਘੰਟਿਆਂ ਤਕ ਇਸ ਦਰਦ ਤੋਂ ਆਰਾਮ ਨਾ ਮਿਲਣ ’ਤੇ ਸੈਲਮੋਨੈਲਾ ਦੀ ਸ਼ਿਕਾਇਤ ਹੋ ਸਕਦੀ ਹੈ। ਜਦੋਂ ਕਿ ਸੰਕਰਮਣ ਆਮ ਤੌਰ ’ਤੇ ਚਾਰ ਤੋਂ ਸੱਤ ਦਿਨਾਂ ਤਕ ਰਹਿੰਦੀ ਹੈ, ਵਿਅਕਤੀ ਠੀਕ ਹੋਣ ਤੋਂ ਬਾਅਦ ਵੀ ਸੰਕਰਮਿਕ ਬਣਿਆ ਰਹਿ ਸਕਦਾ ਹੈ। ਕੈਨੇਡਾ ਦੀ ਪਬਲਿਕ ਹੈੱਲਥ ਏਜੰਸੀ ਨੇ ਖਪਤਕਾਰਾਂ ਨੂੰ ਚਿਤਾਵਨੀ ਜਾਰੀ ਕਰਦਿਆਂ ਲੋਕਾਂ ਨੂੰ ਮਾਲੀਚੀਟਾ ਜਾਂ ਰੂਡੀ ਬ੍ਰੈਂਡ ਦੇ ਖ਼ਰਬੂਜ਼ੇ ਅਤੇ ਉਨ੍ਹਾਂ ਤੋਂ ਬਣੇ ਕਿਸੇ ਵੀ ਉਤਪਾਦ ਦਾ ਸੇਵਨ ਕਰਨ ਤੋਂ ਮਨ੍ਹਾਂ ਕੀਤਾ ਹੈ।


## ਜੱਥੇਦਾਰ ਜੋਗਿੰਦਰ ਸਿੰਘ ਔਲਖ ਅਤੇ ਪਰਿਵਾਰ ਵੱਲੋਂ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



## ਸਮੈਦਿਕ ਨਿਵਾਸੀ ਸ. ਮੰਗਾ ਸਿੰਘ ਸਮਰਾ ਅਤੇ ਪਰਿਵਾਰ ਵੱਲੋਂ



ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ




## ਗਿਆਨੀ ਬਲਵਿੰਦਰ ਸਿੰਘ ਸ਼ਾਨ ਵੱਲੋਂ

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

# ਪ੍ਰਿੰਸ ਹੈਰੀ ਨੇ ਰਸਾਲੇ ਖਿਲਾਫ਼ ਫ਼ੋਨ ਹੈਕਿੰਗ ਦਾ ਜਿੱਤਿਆ ਮੁਕੱਦਮਾ

ਲੰਡਨ: ਪ੍ਰਿੰਸ ਹੈਰੀ ਨੇ ਡੇਲੀ ਮਿਰਰ ਰਸਾਲੇ ਦੇ ਪ੍ਰਕਾਸ਼ਕ ਖ਼ਿਲਾਫ਼ ਦਾਇਰ ਫ਼ੋਨ ਹੈਕਿੰਗ ਦਾ ਮੁਕੱਦਮਾ ਜਿੱਤ ਲਿਆ ਹੈ ਅਤੇ ਅਦਾਲਤ ਨੇ ਅਖ਼ਬਾਰ ਨੂੰ ਹਰਜਾਨੇ ਵਜੋਂ ਇੱਕ ਲੱਖ 40 ਹਜ਼ਾਰ ਬ੍ਰਿਟਿਸ਼ ਪਾਊਂਡ ਦੇਣ ਦੇ ਹੁਕਮ ਦਿੱਤੇ ਹਨ। ਆਪਣੀ ਪਟੀਸ਼ਨ 'ਚ ਹੈਰੀ (39) ਨੇ ਮਿਰਰ, ਸੰਡੇ ਮਿਰਰ ਅਤੇ ਪੀਪਲ ਦਾ ਨਾਮ ਲਿਆ ਸੀ। ਹਾਈਕੋਰਟ ਦੇ ਜਸਟਿਸ ਟਿਮਥੀ ਫ਼ੈਨਕੋਰਟ ਨੇ ਕਿਹਾ ਮਿਰਰ ਗਰੁੱਪ ਦੇ ਅਖ਼ਬਾਰਾਂ ਲਈ 2003 ਤੋਂ ਅਪ੍ਰੈਲ 2009 ਤਕ ਫ਼ੋਨ ਹੈਕਿੰਗ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਅਖ਼ਬਾਰਾਂ ਦੇ ਕਾਰਜਕਾਰੀ ਅਧਿਕਾਰੀ ਇਸ ਤੋਂ ਜਾਣੂ ਸਨ ਅਤੇ ਉਨ੍ਹਾਂ ਇਸ 'ਤੇ ਪਰਦਾ ਪਾਈ ਰੱਖਿਆ ਸੀ।

ਫ਼ੈਨਕੋਰਟ ਨੇ ਕਿਹਾ ਕਿ ਮੁਕੱਦਮੇ ਦੌਰਾਨ ਅਖ਼ਬਾਰਾਂ ਦੇ ਜਿਨ੍ਹਾਂ 33 ਲੇਖਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ 'ਚੋਂ 15 ਲੇਖ ਫ਼ੋਨ ਹੈਕਿੰਗ ਜਾਂ ਹੋਰ ਗ਼ੈਰ-ਕਾਨੂੰਨੀ ਜਾਣਕਾਰੀ ਦੇ ਆਧਾਰ 'ਤੇ ਇਕੱਤਰ ਕੀਤੇ ਗਏ ਸਨ।



ਡੱਡਲੀ ਰੋਡ ਵੁਲਵਰਹੈਂਪਟਨ ਦੀ ਮਸ਼ਹੂਰ ਲਾਅ ਫਰਮ ਦੇ ਮਾਲਕ ਸ਼੍ਰੀ ਰਾਜੀਵ ਸ਼ਰਮਾ, ਪ੍ਰੀਵਾਰ ਅਤੇ ਸਟਾਫ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

## ਸ਼੍ਰੀ ਕ੍ਰਿਸ਼ਨ ਮੰਦਰ ਵੁਲਵਰਹੈਂਪਟਨ ਦੇ ਪ੍ਰਧਾਨ ਸ਼੍ਰੀ ਮੋਹਣ ਲਾਲ ਸ਼ਰਮਾ ਅਤੇ ਪ੍ਰੀਵਾਰ ਵੱਲੋਂ



ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



ਉੱਘੇ ਕਵੀ ਅਤੇ ਗੀਤਕਾਰ ਸ. ਹਰਮੇਲ ਸਿੰਘ ਸਾਧਪੁਰੀ ਅਤੇ ਪ੍ਰੀਵਾਰ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



ਗਿਆਨੀ ਭੁਪਿੰਦਰ ਸਿੰਘ ਸਮਰਾ ਅਤੇ ਪ੍ਰੀਵਾਰ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



ਪੰਜਾਬ ਨੈਸ਼ਨਲ ਬੈਂਕ ਵੁਲਵਰਹੈਂਪਟਨ ਸ਼ਾਖਾ ਦੇ ਮੈਨੇਜਰ ਨਿਤੇਸ਼ ਸੈਣੀ ਅਤੇ ਸਟਾਫ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



ਸ. ਅਵਤਾਰ ਸਿੰਘ ਚੀਮਨਾ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

# ਵਿੱਤੀ ਸੰਕਟ ਦੇ ਬਾਵਜੂਦ ਕੰਪਨੀਆਂ ਅਤੇ ਸੈਰ-ਸਪਾਟੇ ਲਈ ਲੰਡਨ ਅਜੇ ਵੀ ਪਸੰਦੀਦਾ

ਸਾਲ 2012 'ਚ ਲੰਡਨ ਦੁਨੀਆਂ ਦਾ ਇੱਕ ਬਹੁਤ ਮਹੱਤਵਪੂਰਨ ਸ਼ਹਿਰ ਹੋਣ ਦਾ ਦਾਅਵਾ ਕਰ ਸਕਦਾ ਸੀ। ਓਲੰਪਿਕਸ ਖੇਡਾਂ ਨੇ ਇਸ ਦੀ ਚਮਕ ਨੂੰ ਹੋਰ ਵਧਾ ਦਿੱਤਾ ਸੀ। ਵਿੱਤੀ ਸੰਕਟ ਦੇ ਬਾਵਜੂਦ ਇੱਥੇ ਵਿਸ਼ਵੀਕਰਨ ਜਾਰੀ ਸੀ। ਉਸ ਤੋਂ ਬਾਅਦ ਸ਼ਹਿਰ ਨੂੰ ਕਈ ਝਟਕਿਆਂ ਦਾ ਸਾਹਮਣਾ ਕਰਨਾ ਪਿਆ। ਬ੍ਰੈਗਜ਼ਿਟ (ਯੌਰਪੀਅਨ ਯੂਨੀਅਨ ਤੋਂ ਬਾਹਰ ਰਹਿਣ ਦੇ ਬ੍ਰਿਟੇਨ ਦੇ ਫ਼ੈਸਲੇ) ਨੇ ਸੰਕੇਤ ਦਿੱਤਾ ਕਿ ਬ੍ਰਿਟੇਨ ਆਪਣੇ ਆਪ 'ਚ ਸਿਮਟ ਗਿਆ ਹੈ। ਉਸ ਦੀ ਰਾਜਧਾਨੀ ਹੁਣ ਵਪਾਰ ਲਈ ਇੱਕ ਆਕਰਸ਼ਕ ਸਥਾਨ ਨਹੀਂ ਰਹੀ। ਕੋਵਿਡ ਨੇ ਸ਼ਹਿਰਾਂ ਦੀ ਹੋਂਦ 'ਤ ਵੱਡੇ ਸਵਾਲ ਖੜ੍ਹੇ ਕੀਤੇ ਸਨ। ਪਿਛਲੇ 10 ਸਾਲਾਂ 'ਚ, ਵਿਸ਼ਵੀਕਰਨ ਦਾ ਵਿਰੋਧ, ਬਾਹਰੀ ਲੋਕਾਂ ਦੇ ਆਉਣ ਦਾ ਡਰ, ਅਤੇ ਨਿਰਮਾਣ 'ਤ ਜ਼ੋਰ ਵਰਗੇ ਸ਼ਕਤੀਸ਼ਾਲੀ ਵਪਾਰਕ ਰੁਝਾਨ ਲੰਡਨ ਦੀ ਆਰਥਿਕਤਾ ਨੂੰ ਹੁਲਾਰਾ ਨਹੀਂ ਦੇ ਸਕੇ।

ਇਸ ਦੇ ਬਾਵਜੂਦ ਲੰਡਨ ਬਹੁਤ ਚੰਗੀ ਹਾਲਤ 'ਚ ਹੈ। ਇਹ ਵਿਦੇਸ਼ੀਆਂ ਲਈ ਖਿੱਚ ਦਾ ਕੇਂਦਰ ਬਣ ਗਿਆ ਹੈ। ਲੰਡਨ ਦੀ ਆਰਥਿਕਤਾ ਨੇ ਬ੍ਰੈਗਜ਼ਿਟ ਨੂੰ ਬਾਕੀ ਬ੍ਰਿਟੇਨ ਨਾਲੋਂ ਬਿਹਤਰ ਬਣਾਇਆ ਹੈ।

ਸੈਰ-ਸਪਾਟਾ ਮਹਾਂਮਾਰੀ ਤੋਂ ਪਹਿਲਾਂ ਦੇ ਪੱਧਰਾਂ 'ਤੇ ਵਾਪਿਸ ਆ ਗਿਆ ਹੈ। ਲੰਡਨ ਦੀ ਆਬਾਦੀ 2040 ਤਕ ਇੱਕ ਕਰੋੜ ਤਕ ਪਹੁੰਚਣ ਦਾ ਅਨੁਮਾਨ ਹੈ। ਰਿਕਾਰਡ ਗਿਣਤੀ 'ਚ ਨਵੇਂ ਦਫ਼ਤਰ ਬਣਾਏ ਗਏ ਹਨ। ਹੋਰ ਸ਼ਹਿਰ ਵੀ ਲੰਡਨ ਦੀ ਸਮਰੱਥਾ ਨੂੰ ਪਛਾਣਦੇ ਹਨ।

ਲੰਡਨ ਕਿਸੇ ਵੀ ਮਹਾਂਨਗਰ ਦੀਆਂ ਤਾਕਤਾਂ - ਸੇਵਾ ਖੇਤਰ, ਖੁੱਲ੍ਹਾਪਨ ਅਤੇ ਏਕਤਾ ਦੀ ਇੱਕ ਵਧੀਆ ਉਦਾਹਰਣ ਹੈ।

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

**Pegasus Banqueting**

We Cater For Parties, Weddings, or Any Social Function

Indoor And Outdoor Bar Available




- ਵਿਆਹ, ਬਰਥਡੇਜ਼ ਅਤੇ ਐਨੀਵਰਸਰੀਜ਼ ਜਾਂ ਕੋਈ ਹੋਰ ਪਾਰਟੀ ਲਈ 300 ਮਹਿਮਾਨਾਂ ਤੱਕ ਦਾ ਖੁਲ੍ਹਾ ਡੁਲ੍ਹਾ ਹਾਲ।
- 200 ਜਾਂ 200 ਤੋਂ ਵੱਧ ਮਹਿਮਾਨ ਲਈ ਖਾਸ ਰਿਆਇਤ ਸਿਰਫ 15 ਪੌਂਡ ਪ੍ਰਤੀ ਮਹਿਮਾਨ ਜਿਸ ਵਿੱਚ ਵੈਜੀਟੇਰੀਅਨ ਅਤੇ ਨਾਨ ਵੈਜੀਟੇਰੀਅਨ ਫੂਡ, ਸੌਫਟ ਡ੍ਰਿੰਕਸ, ਟੇਬਲ ਸਨੈਕਸ ਅਤੇ ਬੀਅਰ
- ਘੱਟ ਮਹਿਮਾਨਾਂ ਲਈ ਹਾਲ ਦਾ ਨੋਮੀਨਲ ਕਿਰਾਇਆ ਅਤੇ ਪੈਕੇਜ ਦੀ ਕੀਮਤ ਉਤਨੀ ਹੀ।

Contact: Mr. B.S. Gill

Jackson Street (Off Craddock St.) Whitmore Reans Wolverhampton WV6 0QQ

Tel:01902-427625 / 07878484529




ਸਤਪਾਲ ਸ਼ਰਮਾ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।

## ਗੁਰਮੀਤ ਸਿੰਘ ਭੋਗਲ ਅਤੇ ਪ੍ਰੀਵਾਰ ਵੱਲੋਂ



ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।




ਤਰਲੋਚਨ ਸਿੰਘ ਚੰਨ ਜੰਡਿਆਲਵੀ ਅਤੇ ਪ੍ਰੀਵਾਰ ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।



SEEKING to effect reforms in criminal law, the Lok Sabha — notably, in the absence of the 97 suspended Opposition MPs — on Wednesday passed the three redrafted Bills. From renaming the penal codes to repealing certain provisions and redefining other sections, the overhaul covers a lot of ground. It indicates an ambitious attempt to erase the colonial legacy and replace it with victim-centric laws in tune with contemporary reality.



Though it is too early to conclude that the makeover will better serve the interests of criminal justice delivery, the new Bills — the Bharatiya Nyaya (Second) Sanhita Bill, which replaces the IPC of 1860, the Bharatiya Nagarik Suraksha (Second) Sanhita, which takes the place of the CrPC of 1973, and the Bharatiya Sakshya (Second) Bill, substituting the Indian Evidence Act of 1872 — are more than a mere rechristening exercise. Some laudable decisions pertain to the decriminalisation of offences in the light of changing socio-cultural mores. The courts had shown the way and taking adultery, homosexual sex and attempt to suicide out of the new code is a progressive step. Equally vital is defining mob lynching, which has shockingly become commonplace in recent years, as a crime. Also welcome are the timelines prescribed for FIRs, investigations and the use of forensic methods and IT in policing. The penal code has been made more stringent for acts of terror, even as the introduction of community service as penalty for some minor transgressions is a reformatory step.

However, areas of concern remain. For instance, though the sedition law has been dropped — as per the government's undertaking to the Supreme Court — its shadow should not fall on Section 152 that punishes perpetrators of acts 'endangering sovereignty, unity and integrity of India'. Criminal law reform should remain a work in progress.

# Tackle patriarchy

**Sharad S Chauhan**
DGP and MD, Punjab Police Housing Corporation

THE recently released report of the National Crime Records Bureau (NCRB), 'Crime in India 2022', shows that though there has been a decrease of 4.5 per cent in the total number of cases registered, the incidence of crimes against women has risen by 4 per cent, with 4,45,256 cases being reported across the country last year. The data reveals a harrowing reality: 31,982 women were victims of rape in 2022, averaging 88 incidents per day. As many as 85,300 cases involved offences related to outraging modesty (234 cases daily). Also, 250 women were victims of gangrape or rape-murder. The all-pervasive societal anomie is exemplified by the case of a nine-year-old boy being booked for raping an eight-year-old girl in Uttar Pradesh this September.

The worrisome situation with regard to crimes against women in the West is evident from a study. Only 310 out of 1,000 sexual assault cases are reported to the police in the US, resulting in 50 arrests and 28 convictions. In the UK in 2020, 52,210 rape cases were reported, resulting in summons in only 843 of them; over a period of five years, victims dropping out of investigations rose from 25 per cent to 43 per cent, and rape convictions fell two-thirds to a record low in 2020. Despite India's economic progress, a fortified criminal justice system, increased recruitment of female constables, improved infrastructure and an exponential growth in communication technology, a paradox has emerged. How is a society ostensibly advancing in these aspects witnessing a surge in crimes against women? This merits a critical examination of the factors contributing to the disturbing trend. The primary cause, as revealed by research and statistics, can be described as 'policing patriarchy through patriarchal policing'. It implies a cycle where societal norms rooted in patriarchy influence how police institutions operate, potentially reinforcing gender-based discrimination and bias. Two Indian studies provide key insights. Rajat Mitra's research on Tihar jail convicts suggests that many crimes are premeditated, not impulsive, with a specific victim in mind. Madhumita Pandey's study on rape convicts shows that shame is often associated with rape rather than genuine remorse for the act. These findings shed light on the complex psychological dynamics of criminal behaviour and societal perceptions.

Population-based surveys are crucial to understand the gravity of the crime, especially considering under-reporting. These studies offer valuable insights into nuanced reasons for crime at various levels, beyond broader cultural factors like gender hierarchy. Effective policies addressing sexual violence against women necessitate an evidence-based foundation. In India, the NCRB provides a useful but limited overview based on first information reports. To improve policymaking, a national crime victimisation survey is essential to guide strategies, contribute to criminological research, support police reforms and review punitive measures such as death penalty.

A multi-country study on violence by men in the Asia-Pacific, conducted by four UN agencies, aimed to understand how masculinity shaped men's perception and perpetration of violence against women. The study revealed alarming statistics: around half of the men admitted to having raped a woman, often starting as teenagers, with many escaping legal consequences. Factors contributing to violence are multifaceted, varying across regions. Intimate partner violence is linked to gender inequality and child abuse, while non-partner rape correlates with masculinity and participation in external violence. Addressing these issues requires long-term strategies, government commitment and data-based policies with dire consequences for perpetrators, especially considering the disturbing finding that 4 per cent of sampled men admitted to being involved in gangrape.

Police reforms for gender justice aim to enhance accessibility and accountability. Research suggests that the presence of female police officers, often within male-dominated setups, may impact their perspective on victims. Despite all-women police stations, a non-patriarchal culture is not guaranteed, potentially further isolating women as officers. The police, pivotal as a visible government arm and a gatekeeper to the criminal justice system, play a crucial role in addressing gender-based violence. Case registration rates at police stations improve when women approach them, but the general reluctance of women to report to the police remains unchanged, revealing persistent barriers. Addressing these barriers requires enhanced community outreach to overcome socio-cultural and economic obstacles hindering women's access to justice.

# Port acquisitions vital for expanding India's maritime footprint

**Maj Gen Ashok K Mehta**
(Retd)
Military Commentator

EARLIER this week, Iran-backed Houthi militants claimed that they had launched a drone attack against an Israel-linked cargo vessel in the Red Sea region. The Gaza war has expanded, hitting international shipping. The previous week, four of the world's largest cargo shipping companies had stopped transiting across the Red Sea, diverting shipping via the longer Cape of Good Hope. On December 19, the US announced an International Response Force, including Seychelles, to meet challenges in the Red Sea.

The closure of the Suez Canal is a possibility; this will result in disruption of supply chains, an increase in the cost of ocean freight and a hike in oil prices and insurance bonds. For India, it is a double jeopardy: the absence of a 20-metre-deep trans-shipment port to handle large cargo containers and oil tankers. Vizhinjam, India's first deep-water container terminal (inaugurated on October 15), is not yet fully operational. Until now, large containers were being taken to ports in Sri Lanka, the UAE and Singapore, where cargo was trans-shipped on smaller vessels to ports on the Indian coastline. Currently, most container ships skip Indian ports due to poor infrastructure and high tariff.

Vizhinjam, near Thiruvananthapuram, dredged to increase the depth from 18 to 20 metres, is located 10 nautical miles from international shipping routes. About 80 per cent of world trade moves by sea; in case of India, it is nearly 90 per cent. India's lethargic maritime outlook has failed to devise either a maritime policy or strategy. While the Indian merchant shipbuilding industry is stagnant, its port-handling capacity is limited. Had India developed deep-sea ports, large ships and containers could have been berthed and trans-shipped locally rather than being sent to foreign ports.

India's port development sector took off only recently. The late arrival of Vizhinjam reflects strategic shortsightedness of successive governments and



lack of Centre-state cooperation. The Indian Navy had projected the need for a deep-sea port as early as the late 1980s when I was with the Defence Planning Staff. The project was revived during the rule of UPA-II and it was in 2015 that the Vizhinjam port was awarded to the Adani Group with the unrealistic timeline of 2018 for completion. It took another five years of wrangling — domestic politics, conflict between national and local interests and lack of experience — to complete the first phase of the project. What's ironical is that Chinese merchant ship Zhen Hua 15 arrived at Vizhinjam in October this year, bringing giant cranes from Shanghai for cargo handling.

It was the first ship ever to dock at Vizhinjam and that too a Chinese one, more than three years after the Galwan clash between Indian and Chinese troops.

The Adani Group has acquired six ports in the past 10 years and now reportedly has a port every 500 km along India's coastline. It has a total of 14 ports and terminals which handle one-fourth of the cargo passing through the country's ports.

The acquisitions have catalysed strategic thinking about seaports, including foreign ones, in an era of war and Black Swan events so as to extend India's strategic footprint in the Indian Ocean. In January, the group acquired Israel's Haifa port — which is in sync with the proposed India-Middle East-Europe Economic Corridor — despite its conflict-prone reputation. The Colombo West International Terminal, acquired last year after much toing and froing with Sri Lanka, enables India to monitor Chinese activities in Colombo's Eastern Terminal, China-built Colombo City and Hambantota port. The group aims to become a 500-million-tonne port company by 2025 and raise the Vizhinjam port's cargo capacity to 1 billion tonnes by 2030.

The western Indian Ocean off the East Coast of Africa is piracy-infested, though it has been somewhat dormant lately due to EU/UN anti-piracy operations. Earlier this month, an Indian warship trailed a pirate-hijacked steamer in that area. For India, the key contestation is with China. The latter has acquired a sea base in Cambodia and the Kyaukphyu deep-sea port in Myanmar. China has also acquired the Gwadar port in Pakistan. It is eyeing sea bases in Vietnam; near Coco islands (Myanmar); near Chittagong (Bangladesh); and in Madagascar. It will seek one in Maldives after the regime change there and is also ensconced in Eritrea off the Red Sea. That's formidable.

India, a late starter, has been less successful in securing foreign ports/military bases. Ayni in Tajikistan was its first acquisition. The Chabahar port terminal in Iran was acquired in 2014, Sittwe port (Myanmar) in 2014 and Agalega military base in Mauritius in 2020. Negotiations with Seychelles for a military base on Assumption Island went dormant last year or so. India missed out on Hambantota when it was first offered in 2007. Earlier this year, the government announced plans for a major trans-shipment hub in the Great Nicobar Island chain to activate the East Coast. The mega project will have an estimated investment of around Rs 41 lakh crore.

Prime Minister Narendra Modi announced this week that India would become the world's third-largest economy during his third term.

Expansion of ports and increasing their efficiency in handling cargo containers and oil tankers are vital. A string of military bases and usable port terminals are essential to deal with threats to India's economic ambitions.

# ਦਿਲ ਦਰਿਆ



**ਬਲਦੇਵ ਸਿੰਘ ਗਿੱਲ ਸ਼ੇਰੇ ਪੰਜਾਬ 'ਢੋਟੀਆਂ'**


ਦਿਲ ਦਰਿਆ ਸਾਡੇ, ਡੂੰਘੇ ਨੇ ਸਮੁੰਦਰਾਂ ਤੋਂ,
ਇੰਨ੍ਹਾਂ ਵਿੱਚ ਪਿਆਰ ਦਾ ਅਥਾਹ ਕੋਈ ਨਾ।
ਜਿੰਦਾ ਰਹਿਣ ਯਾਰੀਆਂ,ਖੁਸ਼ ਰਹਿਣ ਯਾਰ ਸਾਡੇ,
ਵੈਰੀਆਂ ਦੀ ਸਾਨੂੰ ਯਾਰਾ, ਪ੍ਰਵਾਹ ਕੋਈ ਨਾ।
ਯਾਰ ਦੀ ਯਾਰੀ ਪਿੱਛੇ, ਜਿੰਦ ਜਾਨ ਵਾਰ ਦਈਏ
ਦਿੱਤੇ ਬੋਲਾਂ ਨੂੰ ਪੁਗਾ ਦਈਏ,ਅੱਗੇ ਸਿਰ ਕਰਕੇ।
ਰੱਖੀਏ ਨਾ ਸਿਰ'ਤੇ ਨਿਊਂਦਾ ਅਤੇ ਭਾਰ ਕੋਈ,
ਮੋੜ ਦਈਏ ਇਹਨੂੰ,ਮੋਹਰੇ ਦੂਣਾ ਚੌਣਾ ਧਰਕੇ।
ਕਰ ਜਾਣ ਅੱਖੀਆਂ, ਵਾਰ ਜਦੋਂ ਅੱਖੀਆਂ ਤੇ,
ਪਰ ਹੁੰਦਾ ਇੰਨ੍ਹਾਂ ਅੱਖਾਂ ਦਾ ਗਵਾਹ ਕੋਈ ਨਾ।
ਨਿਭ੍ਹ ਜਾਣ ਯਾਰੀਆਂ ,ਖੁਸ਼ ਰਹਿਣ ਯਾਰ ਸਾਡੇ,
ਵੈਰੀਆਂ ਦੀ ਸਾਨੂੰ ਯਾਰਾ, ਪ੍ਰਵਾਹ ਕੋਈ ਨਾ।
ਯਾਰ ਦੀ ਖੁਸ਼ੀ ਦੇ ਲਈ ਜੇ ਪੁੱਟਣਾ ਪਹਾੜ ਪੈਜੇ,
ਪੁੱਟ ਪੁੱਟ ਉਹਨੂੰ ਨਹਿਰ ਵਿੱਚ ਦੀ ਵਗਾ ਦਈਏ।
ਅਣਖ'ਤੇ ਗ਼ੈਰਤ ਦੀ ਗੱਲ ਉਤੇ ਅੜ ਜਾਈਏ,
ਚੀਰ ਚੀਰ ਪੱਟ ਯਾਰਾ, ਯਾਰ ਨੂੰ ਖਵਾ ਦਈਏ।
ਸੱਚੀ ਨੀਤ, ਉੱਚੀ ਮੱਤ, ਉੱਚੇ ਨੇ ਖਿਆਲ ਸਾਡੇ,
ਪਰ ਗਦਾਰਾਂ ਜਿਹਾ ਰੱਖਦੇ ਸੁਭਾਅ ਕੋਈ ਨਾ।
ਜਿੰਦਾ ਰਹਿਣ ਯਾਰੀਆਂ,ਖੁਸ਼ ਰਹਿਣ ਯਾਰ ਸਾਡੇ।
ਵੈਰੀਆਂ ਦੀ ਸਾਨੂੰ ਯਾਰਾ, ਪ੍ਰਵਾਹ ਕੋਈ ਨਾ।
ਅੜ੍ਹੇ ਰਹਿਣਾ ਜ਼ੁਲਮ ਮੋਹਰੇ, ਮੌਤ ਨਾਲ ਖੇਡਣਾ,
ਖੇਡਦੇ ਆਂ ਅਸੀਂ ਸਦਾ ਖੇਡਾਂ ਇਹ ਨਿਆਰੀਆਂ।
ਚਿੱਟੀ ਕਾਲੀ ਘੋੜੀ ਤੇ ਟੌਪ ਦਾ ਹਥਿਆਰ ਲੈਣਾ,
ਜਾਨ ਤੋਂ ਵੀ ਵੱਧ ਇਹ ਚੀਜ਼ਾਂ ਨੇ ਪਿਆਰੀਆਂ।
ਰਹਿੰਦੇ ਆ ਚੁਕੰਨੇ ਸਦਾ ਬੇਈਮਾਨ ਦੁਸ਼ਮਣਾਂ ਤੋਂ,
ਕਦੇ ਦੁਸ਼ਮਣਾਂ ਦਾ ਕਰੀਏ, ਵਿਸਾਹ ਕੋਈ ਨਾ।
ਜਿੰਦਾ ਰਹਿਣ ਯਾਰੀਆਂ,ਖੁਸ਼ ਰਹਿਣ ਯਾਰ ਸਾਡੇ।
ਵੈਰੀਆਂ ਦੀ ਸਾਨੂੰ ਯਾਰਾ, ਪ੍ਰਵਾਹ ਕੋਈ ਨਾ।
'ਗਿੱਲ ਬਲਦੇਵ' ਸਭ ਇੱਜਤਾਂ ਨੇ ਹੱਥ ਉਹਦੇ,
ਉਹਦੇ'ਤੇ ਭਰੋਸਾ ਰੱਖ ਸਦਾ ਅਸੀਂ ਜੀਂਦੇ ਆਂ।
ਦੇਸ਼ ਕੌਮ ਧਰਮ ਤੇ ਇੱਜ਼ਤਾਂ ਲਈ ਮਰ ਜਾਈਏ,
ਪੀਣਾ ਪਵੇ ਜੇ ਸ਼ਹੀਦੀ ਜਾਮ ਹੱਸਹੱਸ ਪੀਂਦੇਂ ਆਂ।
'ਕਰਮ' ਕਟਾ ਲਈਏ ਬੰਦ-ਬੰਦ, ਧਰਮ ਲਈ,
ਸਕੇ ਗਜ਼ਨਵੀ, ਹਲਾਕੂ ਜਿਹੇ, ਡਰਾ ਕੋਈ ਨਾ।
ਜਿੰਦਾ ਰਹਿਣ ਯਾਰੀਆਂ,ਖੁਸ਼ ਰਹਿਣ ਯਾਰ ਸਾਡੇ।
ਵੈਰੀਆਂ ਦੀ ਸਾਨੂੰ 'ਕਰਮ', ਪ੍ਰਵਾਹ ਕੋਈ ਨਾ।

# ਕਾਫਲਾ

**ਸੁਖਜਿੰਦਰ ਸੋਢੀ**

ਰੁਕਿਆ ਨਹੀਂ ਹੈ ਅੱਜ ਵੀ, ਚੱਲ ਰਿਹਾ ਹੈ ਕਾਫ਼ਲਾ।
ਬੱਸ ਮੰਜ਼ਿਲ ਸਰ ਕਰਨ ਦਾ, ਹੋਣਾ ਚਾਹੀਦਾ ਵਲਵਲਾ।
ਖ਼ੂਨ ਖੌਲਦਾ ਕੌਮ ਦਾ, ਜਦ ਆਸ ਮੁੱਕਦੀ ਨਿਆਂ ਦੀ,
ਮਹਿਕਦਾ ਚਮਨ ਉਦੋਂ, ਬਣ ਜਾਂਦਾ ਹੈ ਕਰਬਲਾ।
ਜਦ ਤੱਕ ਹੈ ਰਾਤਾਂ ਕਾਲੀਆਂ, ਗਲਾਂ ਦੇ ਵਿੱਚ ਗੁਲਾਮੀਆਂ,
ਨਵੀਂ ਸਵੇਰ ਦੇ ਹੋਣ ਦਾ, ਚਲਦਾ ਰਹੇਗਾ ਸਿਲਸਿਲਾ।
ਸਬਰ ਪਰਖਿਆ ਅਸਾਂ ਦਾ, ਰੋਕਿਆ ਨਾ ਜੇ ਲੁੱਟ ਨੂੰ,
ਤਹਿਸ ਨਹਿਸ ਹੋ ਜਾਣਗੇ, ਐਸਾ ਹੈ ਆਉਣਾ ਜ਼ਲਜ਼ਲਾ।
ਮੋਹ ਤੁਸਾਂ ਨੂੰ ਜੀਣ ਦਾ, ਅਸਾਂ ਨੂੰ ਹੈ ਕਦ ਮੌਤ ਦਾ,
ਹੁਣ ਤੱਕ ਚਲਦਾ ਆ ਰਿਹਾ, ਸੋਚ ਵਿੱਚ ਇਹ ਫ਼ਾਸਲਾ।
ਜਿੰਦ ਲੇਖੇ ਲਾ ਦੇ ਵਤਨ ਦੇ, ਮੰਜਿਲ ਮੁਕਾ ਲੈ 'ਸੋਢੀਆ',
ਕਿੰਨਾ ਚਿਰ ਦੱਸ ਟਿਕੇਗਾ, ਇਹ ਪਾਣੀ ਦਾ ਬੁਲਬੁਲਾ।

# ਵੱਡੇ ਦਿਨ ਦਾ ਗੀਤ



ਹੋਈਆਂ ਅੱਜ ਦਿਲਾਂ ਦੀਆਂ ਪੂਰੀਆਂ ਨੇ ਸਧਰਾਂ
ਪ੍ਰਭੂ ਦੇ ਪ੍ਰੇਮ ਦੀਆਂ ਫੁੱਟੀਆਂ ਨੇ ਲਗਰਾਂ॥
ਪਿਆਰਾ ਪਿਆਰਾ ਮੁਖੜਾ ਏ, ਈਸਾ ਅਵਤਾਰ ਦਾ
ਚਿਹਰਾ ਏ ਜਲਾਲੀਦੇਖੋ ਪਾਪੀਆਂ ਦੇ ਯਾਰ ਦਾ
ਟਿਕਦੀਆਂ ਨਹੀਉਂ ਉਹਦੇ ਮੁਖੜੇ 'ਤੇ ਨਜ਼ਰਾਂ
ਪ੍ਰਭੂ ਦੇ ਪ੍ਰੇਮ ਦੀਆਂ ਫੁੱਟੀਆਂ ਨੇ ਲਗਰਾਂ॥
ਪਾਪੀਆਂ ਨਿਮਾਣਿਆਂ ਦੇ, ਤਾਰਨੇ ਨੂੰ ਆ ਗਿਆ
ਮੌਤ ਵਾਲੇ ਨਾਗ ਨੂੰ ਉਹ, ਮਾਰਨੇ ਨੂੰ ਆ ਗਿਆ
ਭਰ ਭਰ ਡੋਹਲਦਾ ਏ, ਪ੍ਰੇਮ ਦੀਆਂ ਝਜ਼ਰਾਂ॥
ਪ੍ਰਭੂ ਦੇ ਪ੍ਰੇਮ ਦੀਆਂ ਫੁੱਟੀਆਂ ਨੇ ਲਗਰਾਂ॥
ਪਾਪੀਆਂ ਨੂੰ ਪਾਪਾਂ ਵਾਲੇ ਦੋਸ ਤੋਂ ਛੁੜਾਵੇਗਾ
ਦੁੱਖ ਸੁੱਖ ਭੋਗੀਆਂ ਨੂੰ ਜੰਨਤਾਂ ਦਿਖਾਵੇਗਾ
ਅਰਸ਼ਾਂ ਤੋਂ ਲੈ ਕੇ ਆਇਆ ਖੁਸ਼ੀ ਦੀਆਂ ਖ਼ਬਰਾਂ
ਪ੍ਰਭੂ ਦੇ ਪ੍ਰੇਮ ਦੀਆਂ, ਫੁੱਟੀਆਂ ਨੇ ਲਗਰਾਂ॥
ਦਿਲਾਂ ਵਾਲੇ ਨੇਰ੍ਹੇ ਉਹਨੇ, ਆਕੇ ਦੂਰ ਕੀਤੇ ਨੇ
ਪਾਪੀਆਂ ਨੇ ਜ਼ਿੰਦਗੀ ਦੇ, ਜਾਮ ਅੱਜ ਪੀਤੇ ਨੇ
ਨੂਰੋ ਨੂਰ ਕੀਤੀਆਂ ਲੇ 'ਰਾਹੀ' ਉਹਨੇ ਡਗਰਾਂ
ਪ੍ਰਭੂ ਦੇ ਪ੍ਰੇਮ ਦੀਆਂ ਫੁੱਟੀਆਂ ਨੇ ਲਗਰਾਂ।



**- ਪਾਦਰੀ ਹਾਕਿਮ ਰਾਹੀ**

# ਦੁਬਈ ਹੋਟਲ 'ਚ ਸੈਲਾਨੀ ਨੂੰ ਨਾਸ਼ਤਾ ਨਾ ਮਿਲਣ ਕਾਰਨ ਮੇਕ ਮਾਈ ਟ੍ਰਿਪ ਨੂੰ ਦੇਣਾ ਪਵੇਗਾ ਮੁਆਵਜ਼ਾ

ਦੁਬਈ: ਭਾਰਤ ਦੇ ਮੱਧ ਪ੍ਰਦੇਸ਼ ਦੇ ਜਬਲਪੁਰ ਜ਼ਿਲ੍ਹਾ ਖਪਤਕਾਰ ਫ਼ੋਰਮ ਨੇ ਇੱਕ ਸੈਲਾਨੀ ਨੂੰ ਦੁਬਈ ਦੇ ਹੋਟਲ 'ਚ ਨਾਸ਼ਤਾ ਨਾ ਮਿਲਣ 'ਤੇ ਮਸ਼ਹੂਰ ਟਰੈਵਲ ਕੰਪਨੀ ਮੇਕ ਮਾਈ ਟ੍ਰਿਪ ਨੂੰ ਸਾਢੇ 12 ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਇਸ ਮੁਆਵਜ਼ੇ ਤੋਂ ਇਲਾਵਾ ਕੰਪਨੀ ਖਪਤਕਾਰ ਨੂੰ ਮਾਨਸਿਕ ਪਰੇਸ਼ਾਨੀ ਅਤੇ ਮੁਕੱਦਮੇ ਦੇ ਖ਼ਰਚ ਦਾ ਵੀ ਭੁਗਤਾਨ ਕਰੇਗੀ।

ਜਬਲਪੁਰ ਵਾਸੀ ਯਸ਼ ਜੈਨ, ਵੰਸ਼ ਕਟਾਰੀਆ ਅਤੇ ਭਰਤ ਸੁਖੇਜਾ ਨੇ ਦੱਸਿਆ ਕਿ ਉਨ੍ਹਾਂ ਨੂੰ 14 ਫ਼ਰਵਰੀ 2022 ਨੂੰ ਦੁਬਈ ਯਾਤਰਾ ਲਈ ਜ਼ੂਮ ਟਰੈਵਲਜ਼ ਦੇ ਮਾਧਿਅਮ ਰਾਹੀਂ ਮੇਕ ਮਾਈ ਟ੍ਰਿਪ ਇੰਡੀਆ ਪ੍ਰਾਈਵੇਟ ਲਿਮਟਿਡ ਰਾਹੀਂ ਦੁਬਈ ਜਾਣ, ਰੁਕਣ ਅਤੇ ਵਾਪਿਸ ਮੁੜਨ ਲਈ 50 ਹਜ਼ਾਰ 700 ਦਾ ਪੈਕੇਜ ਲਿਆ ਸੀ। ਇਸ ਲਈ ਉਨ੍ਹਾਂ ਨੇ ਸੱਤ ਦਿਨਾਂ ਦੀ ਯਾਤਰਾ ਲਈ ਐਡਵਾਂਸ ਭੁਗਤਾਨ ਵੀ ਕੀਤਾ ਸੀ। ਪੈਕੇਜ 'ਚ ਦੁਬਈ ਦੇ ਹੋਟਲ ਦੇ ਮੀਲ ਪਲਾਨ 'ਚ ਬ੍ਰੇਕਫ਼ਾਸਟ ਵੀ ਸ਼ਾਮਿਲ ਸੀ, ਪਰ ਉੱਥੇ ਪਹੁੰਚਣ 'ਤੇ ਪਤਾ ਲੱਗਾ ਕਿ ਹੋਟਲ 'ਚ ਨਾਸ਼ਤੇ ਦੀ ਕਿਸੇ ਤਰ੍ਹਾਂ ਦੀ ਕੋਈ ਵਿਵਸਥਾ ਨਹੀਂ ਸੀ ਜਿਸ ਕਾਰਨ ਉਨ੍ਹਾਂ ਨੂੰ ਕਾਫ਼ੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਉਸ ਤੋਂ ਬਾਅਦ ਉਨ੍ਹਾਂ ਨੇ ਖਪਤਕਾਰ ਫ਼ੋਰਮ ਦਾ ਦਰਵਾਜ਼ਾ ਖੜਕਾਇਆ। ਇਸ ਮਾਮਲੇ ਦੇ ਸਬੰਧ 'ਚ ਫ਼ੋਰਮ ਦੇ ਚੇਅਰਮੈਨ ਪੰਕਜ ਯਾਦਵ ਅਤੇ ਮੈਂਬਰ ਅਮਿਤ ਸਿੰਘ ਤਿਵਾੜੀ ਦੀ ਬੈਂਚ ਨੇ ਮੇਕ ਮਾਈ ਟ੍ਰਿਪ ਇੰਡੀਆ ਪ੍ਰਾਈਵੇਟ ਲਿਮਟਿਡ ਨੂੰ




ਹੁਕਮ ਦਿੱਤਾ ਕਿ ਬ੍ਰੇਕਫ਼ਾਸਟ ਮੁਹੱਈਆ ਨਾ ਕਰਵਾਏ ਜਾਣ ਦੇ ਸਬੰਧ 'ਚ 13 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ। ਇਸ ਦੇ ਨਾਲ ਹੀ ਮਾਨਸਿਕ ਪਰੇਸ਼ਾਨੀ ਲਈ 10 ਹਜ਼ਾਰ ਅਤੇ ਮੁਕੱਦਮੇ ਦਾ ਖ਼ਰਚਾ ਤਿੰਨ ਹਜ਼ਾਰ ਰੁਪਏ ਵੀ ਦੇਣ ਦਾ ਹੁਕਮ ਟਰੈਵਲ ਕੰਪਨੀ ਨੂੰ ਦਿੱਤਾ ਗਿਆ ਹੈ।

# ਅਕਾਲੀ ਦਲ ਸੰਯੁਕਤ ਅਤੇ ਸ਼੍ਰੋਮਣੀ ਅਕਾਲੀ ਦਲ 'ਚ ਏਕਤਾ ਦੇ ਆਸਾਰ ਬਣੇ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦਰਮਿਆਨ ਏਕਤਾ ਜਾਂ ਰਲੇਵੇਂ ਦੇ ਆਸਾਰ ਬਣ ਗਏ ਹਨ। ਸੁਖਬੀਰ ਸਿੰਘ ਬਾਦਲ ਵਲੋਂ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਸਿੱਖ ਪੰਥ ਤੋਂ ਮੁਆਫ਼ੀ ਮੰਗੇ ਜਾਣ ਮਗਰੋਂ ਹੁਣ ਬਾਦਲਾਂ ਦੇ ਸਿਆਸੀ ਵਿਰੋਧੀ ਸੁਖਦੇਵ ਸਿੰਘ ਢੀਂਡਸਾ ਦੇ ਸੁਰ ਢਿੱਲੇ ਪੈ ਗਏ ਹਨ। ਢੀਂਡਸਾ ਨੇ ਛੋਟੇ ਬਾਦਲ ਵਲੋਂ ਪੰਥ ਤੋਂ ਮੁਆਫ਼ੀ ਮੰਗੇ ਜਾਣ ਦੇ ਮੁੱਦੇ 'ਤੇ ਟਿਪਣੀ ਕਰਦਿਆਂ ਕਿਹਾ ਕਿ ਪਾਰਟੀ ਵਲੋਂ ਮੰਗ ਕੀਤੀ ਗਈ ਸੀ ਕਿ ਜੇ ਪੰਥਕ ਏਕਤਾ ਜ਼ਰੂਰੀ ਹੈ ਤਾਂ ਸੁਖਬੀਰ ਸਿੰਘ ਬਾਦਲ ਅਕਾਲੀ-ਭਾਜਪਾ ਸਰਕਾਰ ਵੇਲੇ ਹੋਈਆਂ ਗ਼ਲਤੀਆਂ ਦੀ ਖਿਮਾ ਯਾਚਨਾ ਕਰਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਵਲੋਂ ਅੰਮ੍ਰਿਤਸਰ ਦਰਬਾਰ ਸਾਹਿਬ 'ਚ ਮੁਆਫ਼ੀ ਮੰਗੇ ਜਾਣ ਤੋਂ ਬਾਅਦ ਇਸ ਮਾਮਲੇ 'ਤੇ ਵਿੱਚਾਰ ਲਈ ਪਾਰਟੀ ਦੀ ਮੀਟਿੰਗ ਬੁਲਾਈ ਜਾਵੇਗੀ ਤੇ ਉਸ ਤੋਂ ਬਾਅਦ ਹੀ ਕੋਈ ਫ਼ੈਸਲਾ ਲਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਢੀਂਡਸਾ ਨੇ ਪਿਛਲੇ ਦਿਨੀਂ ਇਹ ਐਲਾਨ ਕੀਤਾ ਸੀ ਕਿ ਜੇ ਸੁਖਬੀਰ ਬਾਦਲ ਗ਼ਲਤੀਆਂ ਦੀ ਮੁਆਫ਼ੀ ਮੰਗ ਲੈਂਦੇ ਹਨ ਤਾਂ ਪਾਰਟੀ ਵਲੋਂ ਏਕਤਾ ਦੇ ਮਾਮਲੇ 'ਤੇ ਵਿਚਾਰ ਕੀਤਾ ਜਾਵੇਗਾ।





ਚਰਚਾ ਇਹ ਵੀ ਹੈ ਕਿ ਸੁਖਬੀਰ ਬਾਦਲ ਨੇ ਤਾਜ਼ਾ ਹਾਲਾਤ 'ਚ ਪਾਰਟੀ ਦੇ ਸਿਆਸੀ ਨਿਘਾਰ ਨੂੰ ਰੋਕਣ ਲਈ ਪੰਥਕ ਏਕਤਾ ਦਾ ਰਾਹ ਪੱਧਰਾ ਕਰਨ ਖਾਤਰ ਸਿੱਖ ਕੌਮ ਤੋਂ ਮੁਆਫ਼ੀ ਮੰਗੀ ਹੈ।

ਸੂਤਰਾਂ ਅਨੁਸਾਰ ਬਾਦਲ ਅਤੇ ਢੀਂਡਸਾ ਪਰਿਵਾਰ ਦੇ ਹਮਾਇਤੀਆਂ ਵਲੋਂ ਲੰਮੇ ਸਮੇਂ ਤੋਂ ਦੋਵੇਂ ਦਲਾਂ ਦਰਮਿਆਨ ਏਕਤਾ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ ਤੇ ਹੁਣ ਸੁਖਬੀਰ ਬਾਦਲ ਦੀ ਮੁਆਫ਼ੀ ਮਗਰੋਂ ਇਨ੍ਹਾਂ ਯਤਨਾਂ ਨੂੰ ਬੂਰ ਪੈਂਦਾ ਦਿਖਾਈ ਦੇ ਰਿਹਾ ਹੈ। ਦੇਖਿਆ ਜਾਵੇ ਤਾਂ ਬੇਅਦਬੀ ਦੇ ਦੋਸ਼ ਲੱਗਣ ਮਗਰੋਂ ਹੁਣ ਤਕ ਅਕਾਲੀ ਦਲ ਅਤੇ ਬਾਦਲ ਪਰਿਵਾਰ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰਦੇ ਆ ਰਹੇ ਹਨ।

**ਦਿੱਲੀ ਦੀ ਸਿੱਖ ਸਿਆਸਤ 'ਚ ਵਧੀ ਸਰਗਰਮੀ**

ਵੈਨਕੂਵਰ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਅਕਾਲ ਤਖ਼ਤ ਸਾਹਿਬ ਵਿਖੇ ਬੇਅਦਬੀ ਮਾਮਲੇ 'ਚ ਮੁਆਫ਼ੀ ਮੰਗਣ ਨਾਲ ਦਿੱਲੀ ਦੀ ਸਿੱਖ ਸਿਆਸਤ ਵੀ ਗਰਮਾ ਗਈ ਹੈ। ਪੰਜਾਬ ਅਤੇ ਦਿੱਲੀ 'ਚ ਸੱਤਾ ਤੋਂ ਬਾਹਰ ਬਾਦਲ ਧੜੇ ਲਈ ਇਹ ਮੁਆਫ਼ੀ ਅਹਿਮ ਸਾਬਤ ਹੋ ਸਕਦੀ ਹੈ। ਬੇਅਦਬੀਆਂ ਦੇ ਮੁੱਦੇ 'ਤੇ ਬਾਦਲ ਪਰਿਵਾਰ ਨੂੰ ਲਗਾਤਾਰ ਕੋਸਣ ਵਾਲੇ ਪਰਮਜੀਤ ਸਿੰਘ ਸਰਨਾ ਨੇ ਵੀ ਸੁਖਬੀਰ ਬਾਦਲ ਦੇ ਫ਼ੈਸਲੇ ਨੂੰ ਚੰਗਾ ਅਮਲ ਕਰਾਰ ਦਿੱਤਾ ਹੈ। ਸਰਨਾ ਨੇ ਕਿਹਾ ਕਿ ਇਹ ਅਹਿਮ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਣ ਨਾਤੇ ਸੁਖਬੀਰ ਬਾਦਲ ਨੇ 2015 'ਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਪੰਥਕ ਸਰਕਾਰ ਹੋਣ ਦੇ ਬਾਵਜੂਦ ਦੋਸ਼ੀ ਫ਼ੜੇ ਨਾ ਜਾਣ ਅਤੇ ਸੱਤਾ 'ਚ ਰਹਿੰਦਿਆਂ ਹੋਈਆਂ ਭੁੱਲਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਤਮਸਤਕ ਹੋ ਕੇ ਪੰਥ ਕੋਲੋਂ ਮੁਆਫ਼ੀ ਮੰਗੀ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਦਿੱਲੀ 'ਚ ਬਾਦਲ ਧੜਾ ਸੱਤਾ ਸੰਭਾਲਣ ਦੇ ਮੌਕੇ ਬਣਾ ਸਕਦਾ ਹੈ।

**ਸੁਖਬੀਰ 'ਤੇ ਜਥੇਦਾਰ ਦੇ ਅਧਿਕਾਰ ਖੇਤਰ ਨੂੰ ਚੁਣੌਤੀ ਦੇਣ ਦਾ ਦੋਸ਼**

ਮਿਲਟਨ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਨੇੜਲੇ ਸਾਥੀ ਭਾਈ ਮੋਹਕਮ ਸਿੰਘ, ਡਾ.ਭਗਵਾਨ ਸਿੰਘ ਤੇ ਸਤਨਾਮ ਸਿੰਘ ਮਨਾਵਾਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਬੇਨਤੀ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸ੍ਰੀ ਅਕਾਲ ਤਖ਼ਤ ਦੇ ਸਨਮੁਖ ਜਥੇਦਾਰ ਦੇ ਅਧਿਕਾਰ ਖੇਤਰ ਨੂੰ ਚੁਣੌਤੀ ਦੇ ਕੇ ਜੋ ਧਾਰਮਿਕ ਮਰਯਾਦਾ ਦੀ ਉਲੰਘਣਾ ਕੀਤੀ ਗਈ ਹੈ, ਉਸ ਲਈ ਸੁਖਬੀਰ ਬਾਦਲ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਕੇ ਪੰਥਕ ਰਿਵਾਇਤਾਂ ਅਨੁਸਾਰ ਸਖ਼ਤ ਸਜ਼ਾ ਲਗਾਈ ਜਾਵੇ।

ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਭੋਮਾ ਤੇ ਹੋਰ ਆਗੂਆਂ ਨੇ ਕਿਹਾ ਕਿ ਸੁਖਬੀਰ ਬਾਦਲ ਨੇ ਖ਼ੁਦ ਨੂੰ ਅਕਾਲ ਤਖ਼ਤ ਸਾਹਿਬ ਦਾ ਸੁਪਰ ਜਥੇਦਾਰ ਬਣਨ ਦੀ ਕੋਸ਼ਿਸ਼ ਕਰਦਿਆਂ ਆਪੇ ਦੋਸ਼ੀ ਤੇ ਆਪੇ ਜੱਜ ਬਣ ਕੇ ਖ਼ੁਦ ਨੂੰ ਮੁਆਫ਼ ਕਰਨ ਦਾ ਸਿਆਸੀ ਡਰਾਮਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਵਲੋਂ ਸ੍ਰੀ ਅਕਾਲ ਤਖ਼ਤ ਦੇ ਸਨਮੁਖ ਕੀਤੀ ਗਈ ਇਸ ਇਸ ਡਰਾਮੇਬਾਜ਼ੀ ਦਾ ਤਿੱਖਾ ਨੋਟਿਸ ਲਿਆ ਜਾਵੇ ਕਿਉਂਕਿ ਉਸ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਤੌਹੀਨ ਕੀਤੀ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਵਲੋਂ ਪੰਥਕ ਰਵਾਇਤਾਂ ਅਤੇ ਪੰਥਕ ਸਿਧਾਤਾਂ ਦਾ ਜੋ ਘਾਣ ਕੀਤਾ ਗਿਆ ਹੈ ਉਹ ਮੁਆਫ਼ ਕਰਨ ਯੋਗ ਨਹੀਂ।

# 'ਕ੍ਰਿਸਮਸ ਆਈ'



**ਚੰਨ ਜੰਡਿਆਲਵੀ**

ਵੀਹ ਸੌ ਤੇਈ ਪੰਝੀ ਦਸੰਬਰ, ਵਸ ਗਿਆ ਸੱਜਣੋ ਸਭ ਦੇ ਅੰਦਰ।
ਪ੍ਰਭ ਜੀਸਸ ਜੀ ਜਸ ਕਮਾ ਗਏ, ਜੱਗ ਨੂੰ ਕਰਨਾ ਪਿਆਰ ਸਿਖਾ ਗਏ।
ਕਰਮਾਂ ਦੇ ਨਾਲ ਆਈ ਕ੍ਰਿਸਮਸ, ਖੁਸ਼ੀਆਂ ਖੇੜੇ ਲਿਆਈ ਕ੍ਰਿਸਮਸ।
ਭੁੱਲ ਭੁਲਾ ਕੇ, ਸਭ ਗਿਲੇ ਭਰਾਵੋ, ਇੱਕ ਦੂਜੇ ਨੂੰ, ਗਿਫ਼ਟ ਫੜਾਵੋ।
'ਚੰਨ ਜੰਡਿਆਲਵੀ'ਤੇ ਆਖੇ 'ਕਰਮ', ਪਿਆਰ ਵਧਾਓ ਛੱਡੋ ਭਰਮ।

# ਮੂਸੇਵਾਲਾ ਕਤਲ 'ਚ ਬਿਸ਼ਨੋਈ ਗੈਂਗ ਦੇ ਇਸ ਜੋੜੇ 'ਤੇ ਪੰਜਾਬ ਪੁਲੀਸ ਦੀ ਪੈਨੀ ਨਜ਼ਰ

ਮਾਲਟਨ: ਕਰਨੀ ਸੈਨਾ ਦੇ ਪ੍ਰਧਾਨ ਸੁਖਦੇਵ ਸਿੰਘ ਗੋਗਾਮੇੜੀ ਦੇ ਘਰ 'ਚ ਦਾਖ਼ਲ ਹੋ ਕੇ ਕਤਲ ਕਰਨ ਵਾਲੇ ਦੋਵੇਂ ਸ਼ੂਟਰਾਂ ਤੋਂ ਹੋਈ ਪੁੱਛਗਿੱਛ ਤੋਂ ਬਾਅਦ ਰਾਜਸਥਾਨ ਪੁਲੀਸ ਵਲੋਂ ਜੈਪੁਰ ਤੋਂ ਗ੍ਰਿਫ਼ਤਾਰ ਅੰਡਰ ਟ੍ਰੇਨੀ ਏਅਰ ਹੋਸਟੈੱਸ ਪੂਜਾ ਸੈਣੀ ਅਤੇ ਉਸ ਦੇ ਫ਼ਰਾਰ ਪਤੀ ਮਹਿੰਦਰ ਉਰਫ਼ ਸਮੀਰ 'ਤੇ ਪੰਜਾਬ ਪੁਲੀਸ ਦੀ ਵੀ ਪੈਨੀ ਨਜ਼ਰ ਪੈਂਦੀ ਜਾ ਰਹੀ ਹੈ। ਲੌਰੈਂਸ ਬਿਸ਼ਨੋਈ ਗੈਂਗ ਨੂੰ ਹਥਿਆਰ ਮੁਹੱਈਆ ਕਰਵਾਉਣ ਵਾਲੀ ਇਸ ਜੋੜੀ ਕੋਲ ਪੰਜਾਬੀ ਸਿੰਗਰ ਸਿੱਧੂ ਮੂਸੇਵਾਲਾ ਦੇ ਕਤਲ 'ਚ ਵਰਤੇ ਹਥਿਆਰਾਂ ਦੀ ਖੇਪ ਵੀ ਹੋਣ ਦੀ ਸੰਭਾਵਨਾ ਨੇ ਪੁਲੀਸ ਅਧਿਕਾਰੀਆਂ ਦਾ ਧਿਆਨ ਉਨ੍ਹਾਂ ਵਲ ਖਿੱਚਿਆ ਹੈ। ਜ਼ਿਕਰਯੋਗ ਹੈ ਕਿ ਗੋਗਾਮੇੜੀ ਦੇ ਕਤਲ ਤੋਂ ਪਹਿਲਾਂ ਜੈਪੁਰ ਪੁੱਜੇ ਨਿਤਿਨ ਫ਼ੌਜੀ ਨੂੰ ਸਮੀਰ ਅਤੇ ਪੂਜਾ ਦੀ ਜੋੜੀ ਨੇ ਨਾ ਸਿਰਫ਼ ਆਪਣੇ ਕੋਲ ਠਹਿਰਾਇਆ ਸੀ ਸਗੋਂ ਕਤਲ ਤੋਂ ਪਹਿਲਾਂ ਉਸ ਦੇ ਸਾਹਮਣੇ ਹਥਿਆਰਾਂ ਦੇ ਜ਼ਖੀਰੇ ਨਾਲ ਭਰਿਆ ਬੈਗ ਖੋਲ੍ਹਦੇ ਹੋਏ ਆਪਣੀ ਪਸੰਦ ਦੇ ਹਥਿਆਰ ਵੀ ਚੁੱਕਣ ਲਈ ਕਿਹਾ ਸੀ। ਜਿੱਥੋਂ ਫ਼ੌਜੀ ਨੇ ਆਪਣੇ ਲਈ ਟਰਕੀ ਮੇਡ ਜਗਿਯਾਣਾ ਪਿਸਤੌਲ ਸਮੇਤ ਆਪਣੇ ਸਾਥੀ ਰੋਹਿਤ ਰਾਠੌਰ ਲਈ ਵੀ ਇੱਕ ਪਿਸਤੌਲ ਚੁੱਕੀ ਸੀ। ਇੰਨਾ ਹੀ ਨਹੀਂ, ਸਮੀਰ ਅਤੇ ਪੂਜਾ ਨੇ ਫ਼ੌਜੀ ਨੂੰ ਹਥਿਆਰਾਂ ਦੇ ਨਾਲ ਦੋਵਾਂ ਦੇ ਕਤਲ ਲਈ ਐਡਵਾਂਸ 'ਚ 50-50 ਹਜ਼ਾਰ ਰੁਪਏ ਦੀ ਰਕਮ ਵੀ ਦਿੱਤੀ ਸੀ। ਰੋਹਿਤ ਨੂੰ ਪਤੀ-ਪਤਨੀ ਨੇ ਫ਼ੌਜੀ ਨੂੰ ਬਿਨਾਂ ਮਿਲਾਏ 20 ਹਜ਼ਾਰ ਰੁਪਏ ਦੇ ਕੇ ਕਤਲ ਦੌਰਾਨ ਵਰਤਣ ਲਈ ਇੱਕ ਮੋਟਰਸਾਇਕਲ ਵੀ ਖ਼ਰੀਦਣ ਲਈ ਕਿਹਾ ਸੀ। ਇਸੇ ਵਾਹਨ 'ਤੇ ਦੋਵੇਂ ਕਤਲ ਦੀ ਵਾਰਦਾਤ ਕਰਨ ਲਈ ਗੋਗਾਮੇੜੀ ਦੇ ਘਰ ਪੁੱਜੇ ਸਨ। ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫ਼ਰਾਰ ਹੋਣ 'ਚ ਕਾਮਯਾਬ ਰਹੇ। ਦੋਵੇਂ ਕਾਤਲਾਂ ਨੂੰ ਜਦੋਂ ਰਾਜਸਥਾਨ ਪੁਲੀਸ ਨੇ ਗ੍ਰਿਫ਼ਤਾਰ ਕਰ ਕੇ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਨੇ ਪੁਲੀਸ ਨੂੰ ਦੱਸਿਆ ਕਿ ਉਨ੍ਹਾਂ ਨੂੰ ਵਾਰਦਾਤ ਲਈ ਹਥਿਆਰ ਜੈਪੁਰ 'ਚ ਰਹਿਣ ਵਾਲੇ ਲੌਰੈਂਸ ਗੈਂਗ ਦੇ ਖਾਸਮਖਾਸ ਸਮੀਰ ਅਤੇ ਪੂਜਾ ਨੇ ਦਿੱਤੇ ਸਨ। ਅਸਲ 'ਚ ਜਦੋਂ ਪੁਲੀਸ ਨੇ ਸਮੀਰ ਦੇ ਘਰ ਛਾਪੇਮਾਰੀ ਕੀਤੀ ਤਾਂ ਉਹ ਉਸ ਸਮੇਂ ਤਕ ਫ਼ਰਾਰ ਹੋ ਚੁੱਕਾ ਸੀ ਜਦੋਂ ਕਿ ਪੂਜਾ ਉਨ੍ਹਾਂ ਦੇ ਹੱਥ ਚੜ੍ਹ ਗਈ।





ਇਸੇ ਦੌਰਾਨ ਘਰੋਂ ਪੁਲੀਸ ਪਾਰਟੀ ਨੂੰ ਇੱਕ AK-47 ਦੀ ਫ਼ੋਟੋ ਵੀ ਮਿਲੀ ਜਿਸ ਦੀ ਵਰਤੋਂ ਚੰਦ ਮਹੀਨੇ ਪਹਿਲਾਂ ਗੈਂਗਸਟਰ ਰਾਜੂ ਠੇਹਟ ਦੇ ਕਤਲ 'ਚ ਹੋਣ ਦੀ ਜਿੱਥੇ ਸ਼ੱਕ ਹੈ, ਉੱਥੇ ਖ਼ੁਦ ਗੋਗਾਮੇਡੀ ਵੀ ਬਾਰ-ਬਾਰ ਜਨਤਕ ਤੌਰ 'ਤੇ ਇਸ ਗੱਲ ਦਾ ਕਈ ਵਾਰ ਖ਼ੁਲਾਸਾ ਕਰ ਚੁੱਕਾ ਹੈ।

# ਸੁਖਬੀਰ ਦੀ ਮੁਆਫ਼ੀ ਮਗਰੋਂ ਅਕਾਲੀਆਂ ਦੇ ਇੱਕਜੁੱਟ ਹੋਣ ਦੀ ਚਰਚਾ

## ਭਾਜਪਾ-ਅਕਾਲੀ ਦਲ ਦਰਮਿਆਨ ਮੁੜ ਗੱਠਜੋੜ ਦੇ ਆਸਾਰ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਬੀਤੇ ਦਿਨ ਅੰਮ੍ਰਿਤਸਰ 'ਚ ਸਾਲ 2015-16 'ਚ ਉਨ੍ਹਾਂ ਦੀ ਪਾਰਟੀ ਦੇ ਕਾਰਜ ਕਾਲ ਦੌਰਾਨ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਲਈ ਮੁਆਫ਼ੀ ਮੰਗੇ ਜਾਣ ਮਗਰੋਂ ਅਕਾਲੀ ਆਗੂਆਂ ਦੇ ਵੱਖ- ਵੱਖ ਧੜਿਆਂ ਦੇ ਇਕੱਠੇ ਹੋਣ ਦੇ ਨਾਲ ਹੀ 2024 ਦੀਆਂ ਆਮ ਚੋਣਾਂ 'ਚ ਪਾਰਟੀ ਦੀ ਭਾਜਪਾ ਨਾਲ ਮੁੜ ਗੱਠਜੋੜ ਹੋਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਸੁਖਬੀਰ ਬਾਦਲ ਨੇ ਬੇਅਦਬੀ ਦੀਆਂ ਘਟਨਾਵਾਂ ਲਈ ਮੁਆਫ਼ੀ ਮੰਗਦਿਆਂ ਅਕਾਲੀ ਆਗੂਆਂ ਨੂੰ ਪੰਥ ਦੀ ਮਜ਼ਬੂਤੀ ਲਈ ਮੁੜ ਇਕੱਠੇ ਹੋਣ ਦਾ ਸੱਦਾ ਦਿੱਤਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਰਾਜ ਸਭਾ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਸਮੇਤ ਕਈ ਧੜਿਆਂ ਨੇ ਮੁਆਫ਼ੀ ਮੰਗਣ ਦੀ ਸ਼ਰਤ ਰੱਖੀ ਸੀ।

ਢੀਂਡਸਾ ਦੇ ਸ਼੍ਰੋਮਣੀ ਅਕਾਲੀ ਤੋਂ ਵੱਖ ਹੋਣ ਕਾਰਨ ਵੀ ਅਕਾਲੀ ਦਲ ਅਤੇ ਭਾਜਪਾ 'ਚਾਲੇ ਮੁੜ ਗੱਠਜੋੜ 'ਚ ਅੜਿੱਕਾ ਪੈ ਰਿਹਾ ਹੈ। ਢੀਂਡਸਾ ਦੇ ਭਾਜਪਾ ਨਾਲ ਨੇੜਲੇ ਸਬੰਧ ਰਹੇ ਹਨ ਤੇ ਉਹ ਭਾਜਪਾ ਦੀ ਅਗਵਾਈ ਹੇਠਲੇ NDA ਦੀਆਂ ਮੀਟਿੰਗਾਂ 'ਚ ਵੀ ਸ਼ਾਮਿਲ ਹੁੰਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੇ 3 ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਭਾਜਪਾ ਨਾਲੋਂ ਗੱਠਜੋੜ ਤੋੜ ਲਿਆ ਸੀ ਹਾਲਾਂਕਿ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਨੇ ਦੋਵਾਂ ਪਾਰਟੀਆਂ ਨੂੰ ਕਰਾਰੀ ਹਾਰ ਦਿੱਤੀ ਸੀ ਜਿਸ ਕਾਰਨ ਵੀ ਦੋਵਾਂ ਵਿਚਾਲੇ ਮੁੜ ਗੱਠਜੋੜ ਦੀਆਂ ਸੰਭਾਵਨਾਵਾਂ ਬਣੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਿੱਛੇ ਜਿਹੇ ਚੰਡੀਗੜ੍ਹ ਸਥਿਤ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਆ ਕੇ ਮਰਹੂਮ ਸਾਬਕਾ ਮੁੱਖ ਮਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਭੇਟ ਕੀਤੀ ਸੀ।




ਇਸ ਵੇਲੇ ਗੱਠਜੋੜ 'ਚਾਲੇ ਮੁੜ ਅੜਿੱਕਾ ਸੂਬੇ ਦੀਆਂ 13 ਲੋਕ ਸਭਾ ਸੀਟਾਂ ਦੀ ਵੰਡ ਕਾਰਨ ਹੈ। ਭਾਜਪਾ ਸੰਗਰੂਰ ਲੋਕ ਸਭਾ ਸੀਟ ਢੀਂਡਸਾ ਪਰਿਵਾਰ ਨੂੰ ਦੇਣ ਸਮੇਤ ਘੱਟੋ-ਘੱਟ ਛੇ ਸੀਟਾਂ ਚਾਹੁੰਦੀ ਹੈ। ਉੱਧਰ ਟਕਸਾਲੀ ਆਗੂ ਮੋਹਕਮ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਕਿਸੇ ਵੀ ਤਰ੍ਹਾਂ ਦੀ ਏਕਤਾ ਤੋਂ ਇਨਕਾਰ ਕਰ ਦਿੱਤਾ ਹੈ। ਯੂਨਾਈਟਿਡ ਅਕਾਲੀ ਦਲ ਦੇ ਮੁੱਖੀ ਤੇ ਢੀਂਡਸਾ ਦੀ ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਨਾਲ ਭਾਈਵਾਲ ਆਗੂ ਮੋਹਕਮ ਸਿੰਘ ਨੇ ਕਿਹਾ ਕਿ ਉਹ ਉਨ੍ਹਾਂ ਨਾਲ ਕਦੀ ਵੀ ਹੱਥ ਨਹੀਂ ਮਿਲਾਉਣਗੇ ਜੋ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਹਨ ਅਤੇ ਜਿਨ੍ਹਾਂ ਉਨ੍ਹਾਂ ਪੁਲੀਸ ਅਫ਼ਸਰਾਂ ਦੀ ਹਮਾਇਤ ਕੀਤੀ ਜਿਨ੍ਹਾਂ ਕਈ ਬੇਕਸੂਰਾਂ ਨੂੰ ਕਤਲ ਕੀਤਾ।

**ਪਾਰਟੀ ਪ੍ਰਧਾਨ ਦੀ ਮੁਆਫ਼ੀ 'ਤੇ ਸਿਆਸਤ ਨਾ ਹੋਵੇ - ਚੀਮਾ**

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਨੇ ਬੇਅਦਬੀ ਦੀਆਂ ਘਟਨਾਵਾਂ ਲਈ ਨਿਮਰਤਾ ਸਹਿਤ ਮੁਆਫ਼ੀ ਮੰਗ ਲਈ ਹੈ, ਅਤੇ ਇਸ ਨੂੰ ਸਹੀ ਭਾਵਨਾ ਨਾਲ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮੁਆਫ਼ੀ ਦੇ ਮੁੱਦੇ 'ਤੇ ਸਿਆਸਤ ਨਹੀਂ ਹੋਣੀ ਚਾਹੀਦੀ। ਸਾਰੇ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਪਾਰਟੀ ਪ੍ਰਧਾਨ ਵਲੋਂ ਮੰਗੀ ਗਈ ਮੁਆਫ਼ੀ ਦੀ ਹਮਾਇਤ ਕਰਨੀ ਚਾਹੀਦੀ ਹੈ।





**ਬੀਬੀ ਜਗੀਰ ਕੌਰ ਦੇ ਧੜੇ ਨੇ ਵੀ ਵਾਪਸੀ ਦੇ ਦਿੱਤੇ ਸੰਕੇਤ**

ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਈ ਇੱਕ ਹੋਰ ਮੁੱਖ ਆਗੂ ਬੀਬੀ ਜਗੀਰ ਕੌਰ ਵੀ ਪਾਰਟੀ ਨਾਲ ਸਮਝੌਤਾ ਕਰ ਸਕਦੇ ਹਨ। ਇਸ ਮਸਲੇ 'ਤੇ ਟਿੱਪਣੀ ਲਈ ਜਗੀਰ ਕੌਰ ਨਾਲ ਤਾਂ ਗੱਲ ਨਹੀਂ ਹੋ ਸਕੀ ਪਰ ਉਨ੍ਹਾਂ ਦੇ ਧੜੇ ਦੇ ਸੂਤਰਾਂ ਨੇ ਦੱਸਿਆ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਉਨ੍ਹਾਂ ਤਕ ਪਹੁੰਚ ਕਰਦੇ ਹਨ ਤੇ ਉਨ੍ਹਾਂ ਦਾ ਮਾਣ-ਸਤਿਕਾਰ ਬਹਾਲ ਕਰਦੇ ਹਨ ਤਾਂ ਉਹ ਪਾਰਟੀ ਨਾਲ ਮੁੜ ਜੁੜ ਸਕਦੇ ਹਨ।

**ਆਨੰਦ ਕਾਰਜ ਦੌਰਾਨ ਲਹਿੰਗਾ ਪਾਉਣ 'ਤੇ ਪਾਬੰਦੀ, ਲਾੜਾ-ਲਾੜੀ ਦੇ ਨਾਂ ਨਾਲ ਸਿੰਘ ਅਤੇ ਕੌਰ ਲਿਖਣਾ ਜ਼ਰੂਰੀ**

ਸਰੀ: ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਸਾਹਿਬ ਨਾਂਦੇੜ ਦੇ ਪੰਜ ਪਿਆਰੇ ਸਾਹਿਬਾਨ ਨੇ ਆਨੰਦ ਕਾਰਜਾਂ ਲਈ ਸਿੱਖ ਸੰਗਤ ਲਈ ਗੁਰਮਤਾ ਜਾਰੀ ਕੀਤਾ ਹੈ।

ਜਥੇਦਾਰ ਕੁਲਵੰਤ ਸਿੰਘ ਦੀ ਅਗਵਾਈ ਹੇਠ ਹੋਈ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਇਹ ਫ਼ੈਸਲਾ ਲਿਆ ਗਿਆ ਹੈ। ਇਕੱਤਰਤਾ ਤੋਂ ਬਾਅਦ ਜਥੇਦਾਰ ਨੇ ਦੱਸਿਆ ਆਨੰਦ ਕਾਰਜ ਦੌਰਾਨ ਬੱਚੀ ਨੂੰ ਸਿਰਫ਼ ਸਲਵਾਰ ਕਮੀਜ਼ ਦਾ ਸਾਦਾ ਪਹਿਰਾਵਾ ਪਹਿਨਾਇਆ ਜਾਵੇ ਅਤੇ ਲਾਵਾਂ ਫ਼ੇਰੇ ਲੈਣ ਲਈ ਲਿਆਂਦੇ ਸਮੇਂ ਗੁਰੂ ਜੀ ਦੀ ਹਾਜ਼ਰੀ 'ਚ ਬੱਚੀ ਦੇ ਉਪਰ ਚੁੰਨੀ ਜਾਂ ਫ਼ੁਲਕਾਰੀ ਤਾਣ ਕੇ ਨਾ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਭਾਰੀ ਲਹਿੰਗਾ ਪਾਏ ਹੋਣ ਕਾਰਨ ਆਨੰਦ ਕਾਰਜ ਦੌਰਾਨ ਗੁਰੂ ਸਾਹਿਬ ਅੱਗੇ ਮੱਥਾ ਟੇਕਣ ਵੇਲੇ ਲੜਕੀ ਨੂੰ ਕਾਫ਼ੀ ਪਰੇਸ਼ਾਨੀ ਆਉਂਦੀ ਹੈ।

ਜਥੇਦਾਰ ਨੇ ਕਿਹਾ ਕਿ ਇਹ ਵੀ ਦੇਖਣ 'ਚ ਆਇਆ ਹੈ ਕਿ ਜ਼ਿਆਦਾਤਰ ਵਿਆਹ ਦੇ ਕਾਰਡਾਂ 'ਚ ਲਾੜਾ-ਲਾੜੀ ਦੇ ਨਾਂ ਨਾਲ ਸਿੰਘ ਜਾਂ ਕੌਰ ਨਹੀਂ ਲਿਖਿਆ ਹੁੰਦਾ। ਸਿੱਖ ਰਹੁ-ਰੀਤਾਂ ਅਨੁਸਾਰ ਇਹ ਲਾਜ਼ਮੀ ਕਰ ਦਿੱਤਾ ਗਿਆ ਕਿ ਵਿਆਹ ਵਾਲੇ ਕਾਰਡ 'ਚ ਲਾੜਾ-ਲਾੜੀ ਦੇ ਨਾਂ ਨਾਲ 'ਸਿੰਘ 'ਤੇ 'ਕੌਰ 'ਜ਼ਰੂਰ ਲਿਖਿਆ ਜਾਵੇ।

ਉਨ੍ਹਾਂ ਕਿਹਾ ਕਿ ਵਿਆਹ ਦੌਰਾਨ ਬੇਲੋੜੇ ਖਰਚੇ ਤੇ ਬੇਲੋੜੇ ਪ੍ਰਦਰਸ਼ਨ ਨੂੰ ਰੋਕਣ ਲਈ ਇਹ ਸਖ਼ਤ ਫ਼ੈਸਲਾ ਲਿਆ ਗਿਆ ਹੈ। ਗੁਰਮਤਾ ਨਾ ਮੰਨਣ 'ਤੇ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

## ਸੁਖਬੀਰ ਦੀ ਮੁਆਫ਼ੀ ਨੇ ਪੰਥਕ ਸਫ਼ਾਂ ਨੂੰ ਟੁੰਬਿਆ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ 103ਵੇਂ ਸਥਾਪਨਾ ਦਿਵਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਪੰਥਕ ਸਰਕਾਰ ਸਮੇਂ ਹੋਈਆਂ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਦੀ ਸਮੂਹ ਸਿੱਖ ਸੰਗਤ ਤੋਂ ਨਿਮਰਤਾ ਸਹਿਤ ਮੁਆਫ਼ੀ ਮੰਗਣ ਨਾਲ ਪੰਜਾਬ ਅਤੇ ਪੰਥਕ ਰਾਜਨੀਤੀ 'ਚ ਨਵਾਂ ਮੋੜ ਆ ਗਿਆ ਹੈ। ਸਥਾਪਨਾ ਦਿਵਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਹੋ ਕੇ ਜਿਸ ਹਲੀਮੀ ਨਾਲ ਬਾਦਲ ਸਰਕਾਰ ਸਮੇਂ ਵਾਪਰੀਆਂ ਇਨ੍ਹਾਂ ਘਟਨਾਵਾਂ ਦੀ ਖਿਮਾ ਯਾਚਨਾ ਕੀਤੀ, ਉਸ ਨੇ ਸਿੱਖ ਮਨਾਂ ਅੰਦਰ ਇੱਕ ਵੱਡਾ ਬਦਲਾਅ ਲੈ ਆਉਂਦਾ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਵਲੋਂ ਮੰਗੀ ਮੁਆਫ਼ੀ ਨੇ ਉਨ੍ਹਾਂ ਧਿਰਾਂ ਨੂੰ ਵੀ ਨੰਗਿਆਂ ਕਰ ਦਿੱਤਾ ਹੈ ਜਿਹੜੀਆਂ ਇਸ ਮੁੱਦੇ 'ਤੇ ਹੁਣ ਤਕ ਆਪਣੀਆਂ ਸਿਆਸੀ ਰੋਟੀਆਂ ਸੇਕਦੀਆਂ ਆ ਰਹੀਆਂ ਹਨ। ਅਕਾਲੀ ਦਲ ਦੇ ਪ੍ਰਧਾਨ ਵਲੋਂ ਵਿਖਾਈ ਗਈ ਇਸ ਬੇ-ਮਿਸਾਲ ਹਲੀਮੀ ਨੇ ਉਨ੍ਹਾਂ ਦੇ ਵਿਰੋਧੀਆਂ ਨੂੰ ਨਿਹੱਥਾ ਕਰ ਦਿੱਤਾ ਹੈ ਅਤੇ ਉਨ੍ਹਾਂ ਦੀ ਸਿਆਸਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਬੇਅਦਬੀ ਦੀਆਂ ਇਨ੍ਹਾਂ ਘਟਨਾਵਾਂ ਨੇ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੂੰ ਨਾ ਸਿਰਫ਼ ਹਲੂਣ ਕੇ ਰੱਖ ਦਿੱਤਾ ਸੀ ਸਗੋਂ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਸਿੱਖ ਸੰਗਤ ਨੇ ਸਰਕਾਰ ਨੂੰ ਚਲਦਾ ਕਰ ਦਿੱਤਾ। ਸੁਖਬੀਰ ਸਿੰਘ ਬਾਦਲ ਨੇ ਮੰਨਿਆ ਕਿ ਬੇਅਦਬੀ ਦੀਆਂ ਇਹ ਘਟਨਾਵਾਂ ਮਰਹੂਮ ਬਾਦਲ ਸਾਹਿਬ ਤੇ ਮੇਰੇ ਲਈ ਬੇਹੱਦ ਦੁਖਦਾਈ ਸਨ। ਵਿਰੋਧੀ ਪਾਰਟੀਆਂ ਬੇਅਦਬੀ ਦੀਆਂ ਘਟਨਾਵਾਂ ਲਈ ਅਕਾਲੀ ਦਲ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਕੇ ਆਪਣੀ ਸਿਆਸੀ ਗੋਟੀਆਂ ਫ਼ਿਟ ਕਰਦੀਆਂ ਰਹੀਆਂ। ਕੈਪਟਨ ਸਰਕਾਰ ਸਮੇਂ ਇਨ੍ਹਾਂ ਘਟਨਾਵਾਂ ਦੀ ਜਾਂਚ ਲਈ ਬਣਾਈ ਗਈ ਸਿਟ ਨੇ ਲੰਮਾ ਸਮਾਂ ਜਾਂਚ ਕਰਨ ਉਪਰੰਤ ਸਰਕਾਰ ਨੇ ਆਪਣੀ ਰਿਪੋਰਟ ਦਿੱਤੀ ਅਤੇ ਮਾਨ ਸਰਕਾਰ ਨੇ ਇਹ ਰਿਪੋਰਟ ਜਨਤਕ ਕੀਤੀ।

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ, ਚਮਕੌਰ ਦੀ ਜੰਗ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘ ਸੂਰਮੇ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਨੀਹਾਂ ਵਿੱਚ ਚਿਣਕੇ ਸ਼ਹੀਦ ਕੀਤੇ ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਹਿੰਦ ਦੇ ਧਰਮ ਬਚਾਏ ਅਤੇ ਮਨੁੱਖਤਾ ਉੱਪਰ ਹੁੰਦੇ ਜ਼ੁਲਮਾਂ ਨੂੰ ਠੱਲਿਆ, ਨੂੰ ਕੋਟਿ ਕੋਟ ਪ੍ਰਣਾਮ।


# Sadha Video

Always One Step Ahead

Est.1979

Blu-ray 3D

Professionals in:
Cinematography
Videography
Photography

DVD

3D HD Blu-ray - DVD - Online - iPhone - USB






# SV LIMOUSINES

Get to your destination in style

LIMOUSINES & WEDDING CARS



*"Awarded the Best Limousine Company in the UK"*
*(Transport Broker Awards 2011/12)*

**01902 604950** **0800 357-9-357**

**www.svlimos.com**

**www.sadhavideo.com**

*39 Bilston Road, Willenhall, West Midlands, WV13 2JT, UK*

# Shine Star

## Banqueting Suite

ਹੁਣ ਅਸੀਂ ਵਧੀਆ ਤੇ ਸਵਾਦਲੇ ਖਾਣਿਆਂ ਦੀ

Out Side ਕੇਟਰਿੰਗ ਵੀ ਕਰਦੇ ਹਾਂ

Good Rates • Full Service



ਹਰ ਫੰਕਸ਼ਨ ਲਈ ਬੁਕਿੰਗ ਸ਼ੁਰੂ ਹੈ




Seating from 200 to 700 Guests ! Full Bar Service !
Private Car Parking ! In-House Catering Available !
Bride & Groom Executive Suites !
Large Dance Floor & Stage Area !
Air Conditioned Premises

**ਵੇਟਰ ਅਤੇ ਵੇਟਰਿਸਜ਼ ਦੀ ਤੱਤਕਾਲ ਲੋੜ ਹੈ**

(Terms & Conditions Apply)

**Mr. Surinder Bhogal 07773 166125**

**Contact : 01902 601234 ! 07971 730641**

**New Railway Street (off Stringes Lane) Willenhall, West Midlands WV13 1LJ**

**www.shinestar.co.uk ! info@shinestar.co.uk**

# .ਗੈਰ ਕਾਨੂੰਨੀ ਢੰਗ ਨਾਲ ਪ੍ਰਵਾਸੀਆਂ ਦੀ ਆਮਦ ਰੋਕਣ ਲਈ ਅਮਰੀਕਾ ਨੇ ਚੁੱਕਿਆ ਸਖ਼ਤ ਕਦਮ

ਬਰੈਂਪਟਨ: ਹਜ਼ਾਰਾਂ ਪ੍ਰਵਾਸੀਆਂ ਦੇ ਪਹਿਲਾਂ ਹੀ ਅਮਰੀਕਾ 'ਚ ਦਾਖਲ ਹੋਣ ਤੋਂ ਬਾਅਦ ਹੁਣ ਸ਼ਰਣ ਮੰਗਣ ਵਾਲੇ ਇੱਕ ਰੇਲਗੱਡੀ 'ਚ ਸਵਾਰ ਹੋ ਕੇ ਅਮਰੀਕਾ ਜਾ ਰਹੇ ਹਨ। ਇਸ ਨੂੰ ਦੇਖਦੇ ਹੋਏ US ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (CBP) ਨੇ ਮੈਕਸੀਕੋ ਰਾਹੀਂ ਪ੍ਰਵਾਸੀਆਂ ਨੂੰ ਅਮਰੀਕਾ ਦੀ ਸਰਹੱਦ ਤਕ ਲਿਜਾਣ ਲਈ ਮਾਲ ਗੱਡੀਆਂ ਦੀ ਵਰਤੋਂ ਕਰਨ ਵਾਲੇ ਤਸਕਰੀ ਸੰਗਠਨਾਂ ਦੇ ਤਾਜ਼ਾ ਸਿੰਕਜਾ ਕੱਸਦੇ ਹੋਏ ਦੱਖਣੀ ਸਰਹੱਦ ਨਾਲ ਟੈਕਸਸ ਦੇ ਦੋ ਸ਼ਹਿਰਾਂ 'ਚ ਅੰਤਰਰਾਸ਼ਟਰੀ ਰੇਲਵੇ ਕਰਾਸਿੰਗ ਪੁਲਾਂ 'ਤੇ ਆਵਾਜਾਈ ਮੁਅੱਤਲ ਕਰ ਦਿੱਤੀ ਹੈ।

CBP ਦੇ ਅਧਿਕਾਰੀਆਂ ਨੇ ਕਿਹਾ ਕਿ ਬੀਤੇ ਦਿਨ 18 ਦਸੰਬਰ ਨੂੰ ਸਵੇਰੇ 8: 00 ਵਜੇ ਤੋਂ ਸ਼ੁਰੂ ਹੋ ਕੇ ਏਜੰਸੀ ਦਾ ਫ਼ੀਲਡ ਔਪਰੇਸ਼ਨ ਦਾ ਦਫ਼ਤਰ ਈਗਲ ਪਾਸ ਅਤੇ ਐਲਪਾਸੋ, ਟੈਕਸਸ 'ਚ ਅੰਤਰਰਾਸ਼ਟਰੀ ਰੇਲਵੇ ਕਰੌਸਿੰਗ ਪੁਲਾਂ 'ਤੇ ਕੰਮਕਾਜ ਨੂੰ ਮੁਅੱਤਲ ਕਰ ਦਿੱਤਾ ਹੈ ਤਾਂ ਜੋ ਕਰਮਚਾਰੀਆਂ ਨੂੰ ਅਮਰੀਕਾ ਦੀ ਸਹਾਇਤਾ ਲਈ ਰੀਡਾਇਰੈਕਟ ਕੀਤਾ ਜਾ ਸਕੇ। ਗ਼ੈਰਕਾਨੂੰਨੀ ਪ੍ਰਵਾਸੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ ਅਤੇ ਗਸ਼ਤ 'ਚ ਹੋਰ ਤੇਜ਼ੀ ਲਿਆਂਦੀ ਗਈ ਹੈ। ਇਹ ਕਦਮ CBP ਨੇ ਦੱਖਣ-ਪੱਛਮੀ ਸਰਹੱਦ 'ਤੇ ਪ੍ਰਵਾਸੀਆਂ ਦੇ



ਅਮਰੀਕਾ 'ਚ ਨਾਜਾਇਜ਼ ਢੰਗ ਨਾਲ ਦਾਖਲੇ ਦੇ ਵਧੇ ਮੁਕਾਬਲਿਆਂ ਦੇ ਪੱਧਰ ਦੇ ਜਵਾਬ 'ਚ ਕੀਤਾ ਗਿਆ ਹੈ ਜੋ ਕਿ ਤਸਕਰਾਂ ਦੁਆਰਾ ਕਮਜ਼ੋਰ ਵਿਅਕਤੀਆਂ ਦਾ ਸ਼ਿਕਾਰ ਕਰਨ ਲਈ ਗ਼ਲਤ ਜਾਣਕਾਰੀ ਫ਼ੈਲਾ ਰਹੇ ਹਨ।ਮੈਕਸੀਕੋ 'ਚ ਮਾਲ ਗੱਡੀਆਂ ਰਾਹੀਂ ਪ੍ਰਵਾਸੀਆਂ ਨੂੰ ਲਿਜਾਣ ਵਾਲੇ ਤਸਕਰੀ ਸੰਗਠਨਾਂ ਦੇ ਇੱਕ ਤਾਜ਼ਾ ਪੁਨਰ-ਉਭਾਰ ਨੂੰ ਦੇਖਣ ਤੋਂ ਬਾਅਦ CBP ਕਰਮਚਾਰੀਆਂ 'ਚ ਹੋਰ ਵਾਧਾ ਕਰਨ ਅਤੇ ਮੈਕਸੀਕਨ ਅਥੌਰਿਟੀਆਂ ਦੇ ਨਾਲ ਸਾਂਝੇਦਾਰੀ ਸਮੇਤ ਵਿਕਾਸ ਦੇ ਸਬੰਧ 'ਚ ਇਸ ਨੂੰ ਹੱਲ ਕਰਨ ਲਈ ਕਾਰਵਾਈ ਕੀਤੀ ਗਈ ਹੈ। ਇਸ ਕਦਮ ਤੋਂ ਪਹਿਲਾਂ ਕੁੱਝ ਦਿਨ ਬਾਅਦ ਦੇਖਣ 'ਚ ਆਇਆ ਹੈ ਜਦੋਂ ਹਜ਼ਾਰਾਂ ਪ੍ਰਵਾਸੀਆਂ ਨੂੰ ਵੀਡੀਓ 'ਤੇ ਦੇਖਿਆ ਗਿਆ ਸੀ ਜੋ ਕਿ ਰੇਲਮਾਰਗ ਦੀਆਂ ਪਟੜੀਆਂ ਦੇ ਨਾਲ ਲਾਈਨ 'ਚ ਖੜ੍ਹੇ ਸਨ ਕਿਉਂਕਿ ਇੱਕ ਮਾਲ ਰੇਲਗੱਡੀ ਈਗਲ ਪਾਸ, ਟੈਕਸਸ ਦੇ ਦੱਖਣ 'ਚ ਲਗਭਗ ਤਿੰਨ ਘੰਟੇ ਲਗਾਉਂਦੀ ਹੈ। ਬਾਰਡਰ ਗਸ਼ਤ ਹੁਣ ਤੇਜ਼ ਹੋ ਗਈ ਹੈ ਕਿਉਂਕਿ ਉਹ ਬੇਮਿਸਾਲ ਗਿਣਤੀ 'ਚ ਪ੍ਰਵਾਸੀਆਂ ਨਾਲ ਨਜਿਠਦੇ ਹਨ ਜੋ ਕਿ ਪਿਛਲੇ ਹਫ਼ਤੇ ਇੱਕ ਦਿਨ 'ਚ 10 ਹਜ਼ਾਰ ਤੋਂ ਉੱਪਰ ਦੀ ਗਿਣਤੀ ਸੀ।

## ਭਾਰਤੀ ਪੱਤਰਕਾਰ ਵਲੋਂ ਬ੍ਰਿਟੇਨ 'ਚ ਸਿਹਤ ਸੰਭਾਲ ਕਰਮਚਾਰੀਆਂ ਦੇ ਸ਼ੋਸ਼ਣ ਦਾ ਪਰਦਾਫ਼ਾਸ਼

ਲੰਡਨ: ਭਾਰਤੀ ਮੂਲ ਦੇ ਇੱਕ ਬ੍ਰਿਟਿਸ਼ ਪੱਤਰਕਾਰ ਨੇ ਉੱਤਰੀ-ਪੂਰਬੀ ਇੰਗਲੈਂਡ 'ਚ ਬਜ਼ੁਰਗਾਂ ਦੀ ਸਿਹਤ ਸੰਭਾਲ ਲਈ ਚਲਾਏ ਜਾ ਰਹੇ ਇੱਕ ਕੇਂਦਰ 'ਚ ਦੇਖਭਾਲ ਕਰਮਚਾਰੀਆਂ ਦੇ ਸ਼ੋਸ਼ਣ ਦਾ ਪਰਦਾਫ਼ਾਸ਼ ਕੀਤਾ ਹੈ। ਪੱਤਰਕਾਰ ਬਾਲਕ੍ਰਿਸ਼ਨਨ ਬਾਲਗੋਪਾਲ, ਜੋ ਕੇਰਲਾ ਦੇ ਰਹਿਣ ਵਾਲੇ ਹਨ, ਖ਼ੁਦ ਇਸ ਕੇਂਦਰ 'ਚ ਸਿਹਤ ਸੰਭਾਲ ਕਰਮਚਾਰੀ ਵਜੋਂ ਕੰਮ ਕਰਨ ਲਈ ਗਏ ਸਨ ਅਤੇ ਉੱਥੇ ਕੰਮ ਕਰਨ ਦੇ ਮਾੜੇ ਹਾਲਾਤ ਅਤੇ ਸਟਾਫ਼ ਨਾਲ ਜੁੜੀਆਂ ਹੋਰ ਸਮੱਸਿਆਵਾਂ ਨੂੰ ਉਜਾਗਰ ਕੀਤਾ।

BBC Panorama ਲਈ ਤਿਆਰ ਕੀਤੀ ਇਹ ਰਿਪੋਰਟ ਸੋਮਵਾਰ ਸ਼ਾਮ ਨੂੰ ਇੱਥੇ ਪ੍ਰਸਾਰਿਤ ਹੋਈ ਸੀ। ਰਿਪੋਰਟਾਂ 'ਚ ਖ਼ੁਲਾਸਾ ਹੋਇਆ ਹੈ ਕਿ ਇੱਕ ਭਾਰਤੀ ਭਰਤੀ ਏਜੰਸੀ ਦੁਆਰਾ ਦੇਖਭਾਲ ਕਰਨ ਵਾਲਿਆਂ ਤੋਂ ਹਜ਼ਾਰਾਂ ਪਾਊਂਡਜ਼ ਵਸੂਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਉਹ ਲੰਬੇ ਇਕਰਾਰਨਾਮੇ 'ਚ ਬੱਝ ਜਾਂਦੇ ਹਨ। ਜੇਕਰ ਨਰਸਾਂ ਨੌਕਰੀ ਛੱਡਣ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਜੁਰਮਾਨਾ ਲਗਾਇਆ ਜਾਂਦਾ ਹੈ।

ਅਧਿਕਾਰਿਕ ਅੰਕੜਿਆਂ ਅਨੁਸਾਰ ਪਿਛਲੇ ਸਾਲ ਸਿਹਤ ਅਤੇ ਦੇਖਭਾਲ ਉਦਯੋਗ 'ਚ ਕਰਮਚਾਰੀਆਂ ਦੀ ਕਮੀ ਨੂੰ ਪੂਰਾ ਕਰਨ ਲਈ ਬ੍ਰਿਟੇਨ ਆਉਣ ਲਈ ਵਿਦੇਸ਼ੀ ਕਰਮਚਾਰੀਆਂ ਨੂੰ ਇੱਕ ਲੱਖ 40 ਹਜ਼ਾਰ ਵੀਜ਼ੇ ਜਾਰੀ ਕੀਤੇ ਗਏ ਸਨ ਅਤੇ ਇਨ੍ਹਾਂ 'ਚੋਂ 39 ਹਜ਼ਾਰ ਵੀਜ਼ੇ ਭਾਰਤੀਆਂ ਨੂੰ ਗਏ ਸਨ। ਬਾਲਗੋਪਾਲ ਨੇ ਇੱਕ ਬਿਆਨ 'ਚ ਕਿਹਾ, "ਜਦੋਂ ਮੈਂ ਦੂਜੇ ਦੇਸ਼ਾਂ ਤੋਂ ਆਏ ਕੇਅਰ ਵਰਕਰਾਂ ਦੀਆਂ ਜ਼ਿੰਦਗੀਆਂ 'ਚ ਡੂੰਘਾਈ ਨਾਲ ਜਾਣਿਆ ਤਾਂ ਮੈਂ ਸ਼ੋਸ਼ਣ, ਕਰਜ਼ੇ, ਪਰਿਵਾਰ ਤੋਂ ਵੱਖ ਹੋਣ ਅਤੇ ਗ਼ਲਤੀਆਂ ਕਰਨ ਦੇ ਡਰ ਦੀਆਂ ਕਹਾਣੀਆਂ ਸੁਣੀਆਂ।"

## 2017 'ਚ ਸਾਊਦੀ ਪ੍ਰਿੰਸ ਨੇ ਬਾਜ਼ਾਂ ਲਈ ਕਰਵਾਈਆਂ ਸਨ ਜਹਾਜ਼ ਦੀਆਂ 80 ਸੀਟਾਂ ਬੁੱਕ

ਮਿਲਟਨ: ਇੱਕ ਸਾਊਦੀ ਪ੍ਰਿੰਸ ਨੇ ਆਪਣੇ 80 ਬਾਜ਼ਾਂ (ਪੰਛੀਆਂ) ਲਈ ਹਵਾਈ ਜਹਾਜ਼ 'ਚ 80 ਵੱਖਰੀਆਂ ਸੀਟਾਂ ਬੁੱਕ ਕਰਵਾਈਆਂ ਸਨ। ਇਹ ਕਹਾਣੀ ਕਿਸੇ ਨੂੰ ਹੈਰਾਨ ਕਰ ਸਕਦੀ ਹੈ ਪਰ ਹੈ ਸੱਚ। ਇੰਨਾ ਹੀ ਨਹੀਂ, ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਨ੍ਹਾਂ ਬਾਜ਼ਾਂ ਕੋਲ ਪਾਸਪੋਰਟ ਵੀ ਹਨ। ਇਹ ਪਾਸਪੋਰਟ ਬਾਜ਼ਾਂ ਨੂੰ ਆਪਣੇ ਮਾਲਕਾਂ ਨਾਲ ਦੇਸ਼ ਦੀਆਂ ਸਰਹੱਦਾਂ ਪਾਰ ਕਰਨ ਦੀ ਇਜਾਜ਼ਤ ਦਿੰਦੇ ਹਨ। ਮੀਡੀਆ ਰਿਪੋਰਟਾਂ ਮੁਤਾਬਿਕ, ਇਹ ਘਟਨਾ 2017 ਦੀ ਹੈ, ਪਰ ਇਸ ਦੀ ਇੱਕ ਫ਼ੋਟੋ ਸੋਸ਼ਲ ਮੀਡੀਆ 'ਤੇ ਅਜੇ ਵੀ ਵਾਇਰਲ ਹੋ ਰਹੀ ਹੈ।






CN ਟ੍ਰੈਵਲਰ ਅਨੁਸਾਰ ਸਾਊਦੀ ਅਰਬ ਦੇ ਸ਼ਾਹੀ ਪਰਿਵਾਰ ਦੇ ਇੱਕ ਮੈਂਬਰ ਨੇ ਆਪਣੇ ਬਾਜ਼ਾਂ ਲਈ ਹਵਾਈ ਜਹਾਜ਼ ਦੀ ਹਰ ਸੀਟ ਬੁੱਕ ਕਰਵਾਈ ਸੀ ਤਾਂ ਜੋ ਉਹ ਆਰਾਮ ਨਾਲ ਅਤੇ ਸੁਰੱਖਿਆ 'ਚ ਸਫ਼ਰ ਕਰ ਸਕਣ। ਵਾਇਰਲ ਹੋਈ ਪੁਰਾਣੀ ਫ਼ੋਟੋ 'ਚ ਹਵਾਈ ਜਹਾਜ਼ ਦੀਆਂ ਸੀਟਾਂ 'ਤੇ ਬਾਜ਼ ਬੈਠੇ ਵਿਖਾਈ ਦੇ ਰਹੇ ਹਨ। ਸਭ ਨੇ ਹੁੱਡ ਪਾਇਆ ਹੋਇਆ ਹੈ। ਫ਼ੋਟੋ 'ਚ ਕਈ ਬਾਜ਼ ਜਹਾਜ਼ 'ਚ ਸੀਟਾਂ 'ਤੇ ਇੱਕੱਠੇ ਬੈਠੇ ਨਜ਼ਰ ਆਉਂਦੇ ਹਨ। ਉਨ੍ਹਾਂ ਸੀਟਾਂ ਦੇ ਨਾਲ ਹੀ ਹੋਰ ਲੋਕ ਵੀ ਬੈਠੇ ਹਨ।

**ਸ਼ਿਕਾਰ 'ਚ ਇਨ੍ਹਾਂ ਪੰਛੀਆਂ ਦੀ ਮਦਦ ਲਈ ਜਾਂਦੀ ਹੈ**

ਜ਼ਿਕਰਯੋਗ ਹੈ ਕਿ ਇਸ ਨੂੰ ਰੈਡਿਟ 'ਤੇ ਸ਼ੇਅਰ ਕੀਤਾ ਗਿਆ ਹੈ। ਰੈਡਿਟ ਦੇ ਇੱਕ ਯੂਜ਼ਰ ਲੈਨਸੂ ਨੇ ਕੁੱਝ ਯਾਤਰੀਆਂ ਨਾਲ ਬੈਠੇ ਪੰਛੀਆਂ ਦੀ ਇੱਕ ਫ਼ੋਟੋ ਪੋਸਟ ਕੀਤੀ ਹੈ। ਫ਼ੋਟੋ ਦੀ ਕੈਪਸ਼ਨ 'ਚ ਲਿਖਿਆ ਸੀ ਕਿ ਇਹ ਫ਼ੋਟੋ ਮੈਨੂੰ ਮੇਰੇ ਕੈਪਟਨ ਦੋਸਤ ਨੇ ਭੇਜੀ ਹੈ। ਇਸ 'ਚ ਕਿਹਾ ਗਿਆ ਹੈ ਕਿ ਸਾਊਦੀ ਪ੍ਰਿੰਸ ਨੇ ਆਪਣੇ 80 ਬਾਜ਼ਾਂ ਲਈ ਟਿਕਟਾਂ ਖ਼ਰੀਦੀਆਂ ਸਨ। CN ਟ੍ਰੈਵਲਰ ਅਨੁਸਾਰ ਮੱਧ ਪੂਰਬ 'ਚ ਅਜਿਹਾ ਕਰਨਾ ਇੱਕ ਆਮ ਗੱਲ ਹੈ।

ਅਰਬ ਦੇਸ਼ਾਂ 'ਚ ਸ਼ਿਕਾਰ ਲਈ ਪੰਛੀਆਂ ਦਾ ਸਹਾਰਾ ਲੈਣ ਦੀ ਖੇਡ 'ਬਾਜ਼ਗਿਰੀ 'ਸਦੀਆਂ ਤੋਂ ਚਲਦੀ ਆ ਰਹੀ ਹੈ। ਉਥੇ ਇਸ ਨੂੰ ਬੜੇ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਇਹ ਪ੍ਰੰਪਰਾ ਹਜ਼ਾਰਾਂ ਸਾਲ ਪੁਰਾਣੀ ਹੈ ਅਤੇ ਅਰਬੀ ਸਭਿਆਚਾਰ ਅਤੇ ਪਛਾਣ ਦਾ ਅਹਿਮ ਹਿੱਸਾ ਹੈ।

## ਪੰਨੂ ਦੇ ਕਤਲ ਦੀ ਸਾਜ਼ਿਸ਼ ਨੂੰ ਲੈ ਕੇ ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰਾਂ ਦਾ ਬਿਆਨ



ਨਿਊ ਯਾਰਕ: ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਪੰਜ ਭਾਰਤੀ-ਅਮਰੀਕੀ ਸੰਸਦ ਮੈਂਬਰਾਂ ਨੂੰ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਮੁਕੱਦਮਾ ਚਲਾਉਣ ਦੀ ਜਾਣਕਾਰੀ ਦਿੱਤੀ। ਗੁਪਤਾ 'ਤੇ ਅਮਰੀਕਾ 'ਚ ਇੱਕ ਸਿੱਖ ਵੱਖਵਾਦੀ ਨੇਤਾ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਕਾਂਗਰਸ ਦੇ ਮੈਂਬਰ ਅਮੀ ਬੈਰਾ, ਪ੍ਰਮਿਲਾ ਜੈਪਾਲ, ਰੋਅ ਖੰਨਾ, ਰਾਜਾ ਕ੍ਰਿਸ਼ਨਮੂਰਤੀ ਅਤੇ ਸ਼੍ਰੀ ਥਾਣੇਦਾਰ ਨੇ ਗੁਪਤਾ ਵਿਰੁੱਧ ਮੁਕੱਦਮਾ ਚਲਾਉਣ ਸਬੰਧੀ ਬਾਇਡਨ ਪ੍ਰਸ਼ਾਸਨ ਤੋਂ ਸੂਚਨਾ ਮਿਲਣ ਤੋਂ ਬਾਅਦ ਸਾਂਝਾ ਬਿਆਨ ਜਾਰੀ ਕੀਤਾ। ਗੁਪਤਾ 'ਤੇ 29 ਨਵੰਬਰ ਨੂੰ ਅਮਰੀਕਾ 'ਚ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ 'ਚ ਕਥਿਤ ਸ਼ਮੂਲੀਅਤ ਦਾ ਦੋਸ਼ ਹੈ। ਭਾਰਤੀ-ਅਮਰੀਕੀ ਸੰਸਦ ਮੈਂਬਰਾਂ ਨੇ ਬਿਆਨ 'ਚ ਕਿਹਾ, "ਕਾਂਗਰਸ ਦੇ ਮੈਂਬਰ ਹੋਣ ਦੇ ਨਾਤੇ ਸਾਡੇ ਨਾਗਰਿਕਾਂ ਦੀ ਸੁੱਰਖਿਆ ਅਤੇ ਤੰਦਰੁਸਤੀ ਸਾਡੀ ਸਭ ਤੋਂ ਮਹੱਤਵਪੂਰਨ ਤਰਜੀਹ ਹੈ। ਇਸ ਮਾਮਲੇ 'ਚ ਲੱਗੇ ਦੋਸ਼ ਬੇਹੱਦ ਚਿੰਤਾਜਨਕ ਹਨ। ਅਸੀਂ (ਸੰਸਦ ਮੈਂਬਰ) ਹੱਤਿਆ ਦੀ ਸਾਜ਼ਿਸ਼ ਦੀ ਜਾਂਚ ਲਈ ਜਾਂਚ ਕਮੇਟੀ ਬਣਾਉਣ ਦੇ ਭਾਰਤ ਸਰਕਾਰ ਦੇ ਐਲਾਨ ਦਾ ਸਵਾਗਤ ਕਰਦੇ ਹਾਂ ਅਤੇ ਇਹ ਬੇਹੱਦ ਜ਼ਰੂਰੀ ਹੈ ਕਿ ਭਾਰਤ ਜਾਂਚ ਕਰੇ।" ਬਿਆਨ 'ਚ ਕਿਹਾ ਗਿਆ ਹੈ, "ਸਾਡਾ ਮੰਨਣਾ ਹੈ ਕਿ ਅਮਰੀਕਾ ਅਤੇ ਭਾਰਤ ਦੀ ਸਾਂਝੇਦਾਰੀ ਨੇ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਜੀਵਨ 'ਤੇ ਸਾਰਥਕ ਪ੍ਰਭਾਵ ਪਾਇਆ ਹੈ, ਪਰ ਅਸੀਂ ਚਿੰਤਤ ਹਾਂ ਕਿ ਜੇਕਰ ਮੁਕੱਦਮੇ 'ਚ ਦੱਸੇ ਗਏ ਮੁੱਦਿਆਂ ਨੂੰ ਸਹੀ ਢੰਗ ਨਾਲ ਹੱਲ ਨਾ ਕੀਤਾ ਗਿਆ ਤਾਂ ਇਹ ਸਾਂਝੇਦਾਰੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ।"

## ਰਾਜੋਆਣਾ ਮਾਮਲੇ 'ਚ ਪੰਜ ਮੈਂਬਰੀ ਕਮੇਟੀ 'ਚ ਉਭਰੇ ਮਤਭੇਦ

ਅੰਮ੍ਰਿਤਸਰ: ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਮੁਆਫ਼ੀ ਦੇ ਮਾਮਲੇ 'ਤੇ ਅਗਲੇਰੀ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਵਲੋਂ ਇੱਕ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਦੂਜੇ ਪਾਸੇ ਹੁਣ ਪੰਜ ਮੈਂਬਰੀ ਕਮੇਟੀ ਦੇ ਕੁੱਝ ਮੈਂਬਰਾਂ 'ਚ ਆਪਸੀ ਤਰਕਾਰ ਸ਼ੁਰੂ ਹੋ ਗਈ ਹੈ ਜਿਸ ਕਾਰਨ ਕਮੇਟੀ ਮੈਂਬਰਾਂ 'ਚ ਆਪਸੀ ਮਤਭੇਦ ਉਭਰਦੇ ਨਜ਼ਰ ਆ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਸਤਾਵਿਤ ਦਿੱਲੀ ਰੋਸ ਮਾਰਚ ਨੂੰ ਮੁਲਤਵੀ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਵਲੋਂ ਕੀਤੇ ਫ਼ੈਸਲੇ ਤੋਂ ਇੱਕ ਦਿਨ ਬਾਅਦ ਹੀ ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ ਵਿੱਚਾਲੇ ਤਕਰਾਰ ਸ਼ੁਰੂ ਹੋ ਗਈ ਹੈ। ਇਸ ਸਬੰਧੀ ਪੰਜ ਮੈਂਬਰੀ ਕਮੇਟੀ 'ਚ ਸ਼ਾਮਿਲ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਦੀਆਂ ਵੱਖ ਵੱਖ ਵੀਡੀਓ ਕਲਿੱਪ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ ਜਿਸ 'ਚ ਦੋਵਾਂ ਵੱਲੋਂ ਹੀ ਇੱਕ ਦੂਜੇ ਖਿਲਾਫ਼ ਦੋਸ਼ ਲਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਪੰਜ ਮੈਂਬਰੀ ਕਮੇਟੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਬਣਾਈ ਗਈ ਸੀ।

**ਪੱਤਰ ਵਾਪਿਸ ਲੈਣ ਲਈ ਹਾਂ ਤਿਆਰ - ਕਾਲਕਾ**

ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਆਖਿਆ ਕਿ ਉਹ ਅਕਾਲ ਤਖਤ ਵਿਖੇ ਭੇਜੇ ਗਏ ਆਪਣੇ ਪੱਤਰ ਨੂੰ ਵਾਪਿਸ ਲੈਣ ਲਈ ਤਿਆਰ ਹਨ ਜਿਸ ਕਾਰਨ ਸ਼੍ਰੋਮਣੀ ਕਮੇਟੀ ਨੂੰ 20 ਦਸੰਬਰ ਨੂੰ ਦਿੱਲੀ 'ਚ ਕੀਤੇ ਜਾਣ ਵਾਲਾ ਰੋਸ ਮਾਰਚ ਮੁਲਤਵੀ ਕਰਨਾ ਪਿਆ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਕਾਲਕਾ ਵਲੋਂ ਇਸ ਤੋਂ ਪਹਿਲਾਂ ਵਿਰਸਾ ਸਿੰਘ ਵਲਟੋਹਾ ਦੀ ਪੰਜ ਮੈਂਬਰੀ ਕਮੇਟੀ 'ਚ ਸ਼ਮੂਲੀਅਤ 'ਤੇ ਵੀ ਇਤਰਾਜ਼ ਕੀਤਾ ਗਿਆ ਸੀ। ਉਨ੍ਹਾਂ ਆਖਿਆ ਕਿ ਕਮੇਟੀ 'ਚ ਉਹ ਇਕੱਲਾ ਨਹੀਂ ਸਗੋਂ ਦੋ ਹੋਰ ਮੈਂਬਰ ਇਸ ਹੱਕ 'ਚ ਹਨ ਕਿ ਇਸ ਮੁਹਿੰਮ ਨੂੰ ਤਕਰਾਰ ਦੀ ਥਾਂ ਸੰਵਾਦ ਰਾਹੀਂ ਹੱਲ ਕਰਨਾ ਚਾਹੀਦਾ ਹੈ। ਇਸ ਲਈ ਇੱਕ ਪਾਸੇ ਗੱਲਬਾਤ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਦੂਜੇ ਪਾਸੇ ਰੋਸ ਮਾਰਚ ਕੱਢਣਾ ਤਰਕਸੰਗਤ ਨਹੀਂ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਬਾਰੇ ਜਾਣੂ ਕਰਾਉਣਾ ਜ਼ਰੂਰੀ ਸੀ। ਇਸ ਕਰ ਕੇ ਉਨ੍ਹਾਂ ਨੂੰ ਪੱਤਰ ਭੇਜਿਆ ਗਿਆ ਸੀ। ਉਹ ਆਪਣਾ ਪੱਤਰ ਵਾਪਿਸ ਲੈਣ ਲਈ ਤਿਆਰ ਹਨ ਤੇ ਸ਼੍ਰੋਮਣੀ ਕਮੇਟੀ ਆਪਣਾ ਪ੍ਰੋਗਰਾਮ ਜਾਰੀ ਰੱਖ ਸਕਦੀ ਹੈ।

ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ
SHIMLA® GIN·RUM

FREE
# ਮਨ ਜਿੱਤ
MANN JITT WEEKLY

patara
ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ
Chartered Accountants Worldwide | Network Member



# 2024

+ ਦਸਮੀ · ● ਸੰਗਰਾਂਦ · ■ ਮੱਸਿਆ · ★ ਪੂਰਨਮਾਸ਼ੀ · ⬟ ਪੰਚਮੀ

## ਜਨਵਰੀ JANUARY

| | | | | | |
|---|---|---|---|---|---|
| ਐਤ | | 7 | 14● | 21 | 28 |
| ਸੋਮ | 1 | 8 | 15⬟ | 22 | 29 |
| ਮੰਗਲ | 2 | 9 | 16 | 23 | 30 |
| ਬੁੱਧ | 3 | 10 | 17 | 24 | 31 |
| ਵੀਰ | 4 | 11■ | 18 | 25★ | |
| ਸ਼ੁੱਕਰ | 5 | 12 | 19 | 26 | |
| ਸ਼ਨੀ | 6 | 13 | 20+ | 27 | |

## ਫਰਵਰੀ FEBRUARY

| | | | | | |
|---|---|---|---|---|---|
| ਐਤ | | 4 | 11 | 18 | 25 |
| ਸੋਮ | | 5 | 12 | 19+ | 26 |
| ਮੰਗਲ | | 6 | 13● | 20 | 27 |
| ਬੁੱਧ | | 7 | 14⬟ | 21 | 28 |
| ਵੀਰ | 1 | 8 | 15 | 22 | 29 |
| ਸ਼ੁੱਕਰ | 2 | 9■ | 16 | 23 | |
| ਸ਼ਨੀ | 3 | 10 | 17 | 24★ | |

## ਮਾਰਚ MARCH

| | | | | | |
|---|---|---|---|---|---|
| ਐਤ | 31 | 3 | 10■ | 17 | 24 |
| ਸੋਮ | | 4 | 11 | 18 | 25★ |
| ਮੰਗਲ | | 5 | 12 | 19+ | 26 |
| ਬੁੱਧ | | 6 | 13 | 20 | 27 |
| ਵੀਰ | | 7 | 14●⬟ | 21 | 28 |
| ਸ਼ੁੱਕਰ | 1 | 8 | 15 | 22 | 29 |
| ਸ਼ਨੀ | 2 | 9 | 16 | 23 | 30 |

## ਅਪ੍ਰੈਲ APRIL

| | | | | | |
|---|---|---|---|---|---|
| ਐਤ | | 7 | 14 | 21 | 28 |
| ਸੋਮ | 1 | 8■ | 15 | 22 | 29 |
| ਮੰਗਲ | 2 | 9 | 16 | 23★ | 30 |
| ਬੁੱਧ | 3 | 10 | 17 | 24 | |
| ਵੀਰ | 4 | 11 | 18+ | 25 | |
| ਸ਼ੁੱਕਰ | 5 | 12 | 19 | 26 | |
| ਸ਼ਨੀ | 6 | 13●⬟ | 20 | 27 | |

## ਮਈ MAY

| | | | | | |
|---|---|---|---|---|---|
| ਐਤ | | 5 | 12⬟ | 19 | 26 |
| ਸੋਮ | | 6 | 13 | 20 | 27 |
| ਮੰਗਲ | | 7 | 14● | 21 | 28 |
| ਬੁੱਧ | 1 | 8■ | 15 | 22 | 29 |
| ਵੀਰ | 2 | 9 | 16 | 23★ | 30 |
| ਸ਼ੁੱਕਰ | 3 | 10 | 17 | 24 | 31 |
| ਸ਼ਨੀ | 4 | 11 | 18+ | 25 | |

## ਜੂਨ JUNE

| | | | | | |
|---|---|---|---|---|---|
| ਐਤ | 30 | 2 | 9 | 16+ | 23 |
| ਸੋਮ | | 3 | 10 | 17 | 24 |
| ਮੰਗਲ | | 4 | 11⬟ | 18 | 25 |
| ਬੁੱਧ | | 5 | 12 | 19 | 26 |
| ਵੀਰ | | 6■ | 13 | 20 | 27 |
| ਸ਼ੁੱਕਰ | | 7 | 14 | 21 | 28 |
| ਸ਼ਨੀ | 1 | 8 | 15 | 22★ | 29 |

## ਤਿਉਹਾਰ ਅਤੇ ਛੁੱਟੀਆਂ ਦਾ ਵੇਰਵਾ

| | | |
|---|---|---|
| 13 | ਜਨਵਰੀ | ਲੋਹੜੀ |
| 14 | ਜਨਵਰੀ | ਮਾਘੀ / ਮਕਰ ਸਕਰਾਂਤੀ |
| 17 | ਜਨਵਰੀ | ਪ੍ਰਕਾਸ਼ ਪੁਰਬ ਗੁਰੂ ਗੋਬਿੰਦ ਸਿੰਘ |
| 23 | ਜਨਵਰੀ | ਜਨਮ ਦਿਵਸ ਸੁਭਾਸ਼ ਚੰਦਰ ਬੋਸ |
| 26 | ਜਨਵਰੀ | ਗਣਤੰਤਰ ਦਿਵਸ |
| 30 | ਜਨਵਰੀ | ਸ਼ਹੀਦੀ ਦਿਵਸ |
| 14 | ਫਰਵਰੀ | ਬਸੰਤ ਪੰਚਮੀ |
| 24 | ਫਰਵਰੀ | ਜਨਮ ਦਿਨ ਭਗਤ ਰਵਿਦਾਸ ਜੀ |
| 8 | ਮਾਰਚ | ਸ਼ਿਵਰਾਤਰੀ |
| 23 | ਮਾਰਚ | ਸ਼ਹੀਦੀ ਦਿਹਾੜਾ ਭਗਤ ਸਿੰਘ |
| 25 | ਮਾਰਚ | ਹੋਲੀ |
| 29 | ਮਾਰਚ | ਗੁੱਡ ਫਰਾਈਡੇ |
| 11 | ਅਪ੍ਰੈਲ | ਈਦ ਉਲ ਫਿਤਰ |
| 13 | ਅਪ੍ਰੈਲ | ਵਿਸਾਖੀ |
| 14 | ਅਪ੍ਰੈਲ | ਜਨਮ ਦਿਨ ਡਾ. ਬੀ.ਆਰ. ਅੰਬੇਡਕਰ |
| 17 | ਅਪ੍ਰੈਲ | ਰਾਮ ਨੌਮੀ |
| 21 | ਅਪ੍ਰੈਲ | ਮਹਾਂਵੀਰ ਜੈਅੰਤੀ |
| 01 | ਮਈ | ਮਈ ਦਿਹਾੜਾ |
| 10 | ਮਈ | ਪਰਸ਼ੂਰਾਮ ਜੈਅੰਤੀ |
| 23 | ਮਈ | ਬੁੱਧ ਪੂਰਨਿਮਾ |
| 10 | ਜੂਨ | ਸ਼ਹੀਦੀ ਦਿਹਾੜਾ ਗੁਰੂ ਅਰਜਨ ਦੇਵ |
| 17 | ਜੂਨ | ਈਦ ਉਲ ਜ਼ੁਹਾ |
| 22 | ਜੂਨ | ਕਬੀਰ ਜੈਅੰਤੀ |
| 31 | ਜੁਲਾਈ | ਸ਼ਹੀਦੀ ਦਿਹਾੜਾ ਸ਼ਹੀਦ ਊਧਮ ਸਿੰਘ |
| 15 | ਅਗਸਤ | ਸੁਤੰਤਰਤਾ ਦਿਵਸ |
| 19 | ਅਗਸਤ | ਰੱਖੜੀ |
| 26 | ਅਗਸਤ | ਜਨਮ ਅਸ਼ਟਮੀ |
| 05 | ਸਤੰਬਰ | ਅਧਿਆਪਕ ਦਿਵਸ |
| 02 | ਅਕਤੂਬਰ | ਗਾਂਧੀ ਜੈਅੰਤੀ |
| 03 | ਅਕਤੂਬਰ | ਅਗਰਸੈਨ ਜੈਅੰਤੀ |
| 12 | ਅਕਤੂਬਰ | ਦੁਸਹਿਰਾ |
| 17 | ਅਕਤੂਬਰ | ਬਾਲਮੀਕਿ ਜੈਅੰਤੀ |
| 01 | ਨਵੰਬਰ | ਦੀਵਾਲੀ |
| 02 | ਨਵੰਬਰ | ਵਿਸ਼ਵਕਰਮਾ ਦਿਵਸ ਤੇ ਗੋਵਰਧਨ ਪੂਜਾ |
| 03 | ਨਵੰਬਰ | ਭਾਈ ਦੂਜ |
| 14 | ਨਵੰਬਰ | ਬਾਲ ਦਿਵਸ |
| 15 | ਨਵੰਬਰ | ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ |
| 16 | ਨਵੰਬਰ | ਸ਼ਹੀਦ ਦਿਹਾੜਾ ਕਰਤਾਰ ਸਿੰਘ ਸਰਾਭਾ |
| 06 | ਦਸੰਬਰ | ਸ਼ਹੀਦੀ ਦਿਹਾੜਾ ਗੁਰੂ ਤੇਗ ਬਹਾਦਰ ਜੀ |
| 17 | ਦਸੰਬਰ | ਪੈਨਸ਼ਨਰ ਦਿਵਸ |
| 25 | ਦਸੰਬਰ | ਕ੍ਰਿਸਮਸ ਡੇਅ |
| 26 | ਦਸੰਬਰ | ਜਨਮ ਦਿਹਾੜਾ ਸ਼ਹੀਦ ਊਧਮ ਸਿੰਘ |
| | | ਸ਼ਹੀਦੀ ਜੋੜ ਮੇਲਾ ਫਤਹਿਗੜ੍ਹ ਸਾਹਿਬ |

## ਜੁਲਾਈ JULY

| | | | | | |
|---|---|---|---|---|---|
| ਐਤ | | 7 | 14 | 21★ | 28 |
| ਸੋਮ | 1 | 8 | 15 | 22 | 29 |
| ਮੰਗਲ | 2 | 9 | 16+● | 23 | 30 |
| ਬੁੱਧ | 3 | 10 | 17 | 24 | 31 |
| ਵੀਰ | 4 | 11⬟ | 18 | 25 | |
| ਸ਼ੁੱਕਰ | 5■ | 12 | 19 | 26 | |
| ਸ਼ਨੀ | 6 | 13 | 20 | 27 | |

## ਅਗਸਤ AUGUST

| | | | | | |
|---|---|---|---|---|---|
| ਐਤ | | 4■ | 11 | 18 | 25 |
| ਸੋਮ | | 5 | 12 | 19★ | 26 |
| ਮੰਗਲ | | 6 | 13 | 20 | 27 |
| ਬੁੱਧ | | 7 | 14 | 21 | 28 |
| ਵੀਰ | 1 | 8 | 15+● | 22 | 29 |
| ਸ਼ੁੱਕਰ | 2 | 9⬟ | 16 | 23 | 30 |
| ਸ਼ਨੀ | 3 | 10 | 17 | 24 | 31 |

## ਸਤੰਬਰ SEPTEMBER

| | | | | | |
|---|---|---|---|---|---|
| ਐਤ | 1 | 8⬟ | 15 | 22 | 29 |
| ਸੋਮ | 2■ | 9 | 16● | 23 | 30 |
| ਮੰਗਲ | 3 | 10 | 17 | 24 | |
| ਬੁੱਧ | 4 | 11 | 18★ | 25 | |
| ਵੀਰ | 5 | 12 | 19 | 26 | |
| ਸ਼ੁੱਕਰ | 6 | 13+ | 20 | 27 | |
| ਸ਼ਨੀ | 7 | 14 | 21 | 28 | |

## ਅਕਤੂਬਰ OCTOBER

| | | | | | |
|---|---|---|---|---|---|
| ਐਤ | | 6 | 13+ | 20 | 27 |
| ਸੋਮ | | 7 | 14 | 21 | 28 |
| ਮੰਗਲ | 1 | 8⬟ | 15 | 22 | 29 |
| ਬੁੱਧ | 2■ | 9 | 16 | 23 | 30 |
| ਵੀਰ | 3 | 10 | 17●★ | 24 | 31 |
| ਸ਼ੁੱਕਰ | 4 | 11 | 18 | 25 | |
| ਸ਼ਨੀ | 5 | 12 | 19 | 26 | |

## ਨਵੰਬਰ NOVEMBER

| | | | | | |
|---|---|---|---|---|---|
| ਐਤ | | 3 | 10 | 17 | 24 |
| ਸੋਮ | | 4 | 11+ | 18 | 25 |
| ਮੰਗਲ | | 5 | 12 | 19 | 26 |
| ਬੁੱਧ | | 6⬟ | 13 | 20 | 27 |
| ਵੀਰ | | 7 | 14 | 21 | 28 |
| ਸ਼ੁੱਕਰ | 1■ | 8 | 15★ | 22 | 29 |
| ਸ਼ਨੀ | 2 | 9 | 16● | 23 | 30 |

## ਦਸੰਬਰ DECEMBER

| | | | | | |
|---|---|---|---|---|---|
| ਐਤ | 1■ | 8 | 15★● | 22 | 29 |
| ਸੋਮ | 2 | 9 | 16 | 23 | 30 |
| ਮੰਗਲ | 3 | 10+ | 17 | 24 | 31 |
| ਬੁੱਧ | 4 | 11 | 18 | 25 | |
| ਵੀਰ | 5 | 12 | 19 | 26 | |
| ਸ਼ੁੱਕਰ | 6⬟ | 13 | 20 | 27 | |
| ਸ਼ਨੀ | 7 | 14 | 21 | 28 | |